GARY'S
ANY 2 LARGE PIZZAS £9.99
ANY 2 EX LARGE PIZZAS £11.99
37 Western Road, Southall
020 8571 3311



PANJAB TIMES
ਪੰਜਾਬ ਟਾਈਮਜ਼
Free
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ
Free Edition | 19 February, 2024
Europe's Leading Panjabi Weekly Since 1965



IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact S.S.RAI

Tel: 020 8571 6680



Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com


# ਕੇਂਦਰ ਦਾ ਕਿਸਾਨਾਂ ਨੂੰ 3 ਫਸਲਾਂ 'ਤੇ ਐੱਮ.ਐੱਸ.ਪੀ. ਦੇਣ ਦਾ ਪ੍ਰਸਤਾਵ

## ਕਿਸਾਨਾਂ ਨੇ ਮੰਗਿਆ ਸਮਾਂ, ਕਿਹਾ- 'ਸਹਿਮਤੀ ਨਾ ਬਣੀ ਤਾਂ 21 ਨੂੰ ਕਰਾਂਗੇ ਦਿੱਲੀ ਕੂਚ

ਕਿਸਾਨ ਨੇਤਾਵਾਂ ਅਤੇ ਕੇਂਦਰ ਸਰਕਾਰ ਵਿਚਾਲੇ ਐਤਵਾਰ ਨੂੰ ਚੌਥੇ ਦੌਰ ਦੀ ਬੈਠਕ 'ਚ ਕੇਂਦਰੀ ਮੰਤਰੀਆਂ ਨੇ 3 ਫਸਲਾਂ ਮੱਕੀ, ਕਪਾਹ ਅਤੇ ਦਾਲਾਂ (ਅਰਹਰ ਅਤੇ ਉੜਦ) 'ਤੇ ਘੱਟੋ-ਘੱਟ ਸਮਰਥਨ ਮੁੱਲ ਦੇਣ ਦਾ ਪ੍ਰਸਤਾਵ ਰੱਖਿਆ। ਇਹ ਪੰਜ ਸਾਲਾਂ ਲਈ ਸਹਿਕਾਰੀ ਸਭਾਵਾਂ ਰਾਹੀਂ ਖਰੀਦੇ ਜਾਣਗੇ। ਕੇਂਦਰੀ ਮੰਤਰੀ ਪਿਊਸ਼ ਗੋਇਲ ਨੇ ਕਿਹਾ ਕਿ ਇਹ 5 ਸਾਲ ਦਾ ਇਕਰਾਰਨਾਮਾ NAFED ਅਤੇ NCCF ਨਾਲ ਹੋਵੇਗਾ।

ਕੇਂਦਰੀ ਮੰਤਰੀਆਂ ਅਤੇ ਕਿਸਾਨਾਂ ਦੀ ਮੀਟਿੰਗ ਡੀਗੜ੍ਹ ਦੇ ਸੈਕਟਰ-26 ਸਥਿਤ ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ ਪਬਲਿਕ ਐਡਮਿਨਿਸਟ੍ਰੇਸ਼ਨ ਦੇ ਅਹਾਤੇ ਵਿੱਚ ਐਤਵਾਰ ਸ਼ਾਮ ਸਾਢੇ ਅੱਠ ਵਜੇ ਸ਼ੁਰੂ ਹੋਈ। ਇਹ 5 ਘੰਟੇ ਤੋਂ ਵੱਧ ਸਮਾਂ ਚੱਲਿਆ। ਮੀਟਿੰਗ ਵਿੱਚ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਸਮੇਤ ਕੇਂਦਰੀ ਮੰਤਰੀ ਅਰਜੁਨ ਮੁੰਡਾ, ਨਿਤਿਆਨੰਦ ਰਾਏ, ਪਿਊਸ਼ ਗੋਇਲ, ਕਿਸਾਨ ਆਗੂ ਸਰਵਣ ਸਿੰਘ ਪੰਧੇਰ, ਜਗਜੀਤ ਸਿੰਘ ਡੱਲੇਵਾਲ ਹਾਜ਼ਰ ਸਨ।



ਕੇਂਦਰ ਦੇ ਇਸ ਪ੍ਰਸਤਾਵ 'ਤੇ ਮੀਟਿੰਗ 'ਚ ਮੌਜੂਦ ਕਿਸਾਨ ਆਗੂਆਂ ਨੇ ਕਿਹਾ ਕਿ ਉਹ ਸਾਰੀਆਂ ਜਥੇਬੰਦੀਆਂ ਨਾਲ ਗੱਲਬਾਤ ਕਰਕੇ ਮੰਗਲਵਾਰ ਯਾਨੀ ਭਲਕੇ ਅੰਤਿਮ ਫੈਸਲਾ ਦੇਣਗੇ। ਮੀਟਿੰਗ ਖਤਮ ਹੋਣ ਤੋਂ ਬਾਅਦ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਅਸੀਂ ਆਪਣੇ ਫੋਰਮ ਅਤੇ ਮਾਹਿਰਾਂ ਨਾਲ ਸਰਕਾਰ ਦੇ ਪ੍ਰਸਤਾਵ (ਐੱਮ.ਐੱਸ.ਪੀ.) 'ਤੇ ਚਰਚਾ ਕਰਾਂਗੇ ਅਤੇ ਫਿਰ ਕਿਸੇ ਨਤੀਜੇ 'ਤੇ ਪਹੁੰਚਾਂਗੇ।

ਪੰਜਾਬ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ ਨੇ ਕਿਹਾ ਉਹ 19 ਅਤੇ 20 ਫਰਵਰੀ ਨੂੰ ਸਮੂਹ ਜਥੇਬੰਦੀਆਂ ਨਾਲ ਗੱਲਬਾਤ ਕਰਨਗੇ। ਇਸ ਤੋਂ ਬਾਅਦ 20 ਤਰੀਕ ਦੀ ਸ਼ਾਮ ਨੂੰ ਅਸੀਂ ਆਪਣਾ ਫੈਸਲਾ ਸੁਣਾਵਾਂਗੇ। ਉਨ੍ਹਾਂ ਕਿਹਾ ਸਰਕਾਰ ਹੋਰ ਮੰਗਾਂ 'ਤੇ ਵੀ ਵਿਚਾਰ ਕਰੇਗੀ। ਜੇਕਰ ਕੋਈ ਨਤੀਜਾ ਨਾ ਨਿਕਲਿਆ ਤਾਂ ਅਸੀਂ 21 ਫਰਵਰੀ ਨੂੰ 'ਦਿੱਲੀ ਚਲੋ' ਮਾਰਚ ਜਾਰੀ ਰੱਖਾਂਗੇ।

# ਕਿਸਾਨੀ ਸਾਡੀ ਪੱਗ ਐ, ਪੱਗ ਨੂੰ ਹੱਥ ਪਾਓਗੇ ਤਾਂ...

ਸਰਕਾਰ ਅਤੇ ਕਿਸਾਨਾਂ ਵਿਚਾ-ਲੇ ਹੋਈ ਗੱਲਬਾਤ ਦੌਰਾਨ ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਨੇ ਕੇਂਦਰੀ ਮੰਤਰੀਆਂ ਵੱਲੋਂ ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ ਸਬੰਧੀ ਦਿੱਤੇ ਪ੍ਰਸਤਾਵ 'ਤੇ ਸਵਾਲ ਖੜ੍ਹੇ ਕੀਤੇ ਹਨ। ਸਿੱਧੂ ਨੇ ਸਵਾਲ ਕੀਤਾ ਹੈ ਕਿ ਕੀ ਸਰਕਾਰ ਠੇਕਾ ਖੇਤੀ ਵੱਲ ਮੁੜ ਰਹੀ ਹੈ?

ਨਵਜੋਤ ਸਿੰਘ ਸਿੱਧੂ ਦੇ ਕੇਂਦਰ ਸਰਕਾਰ ਨੂੰ ਤਿੱਖੇ ਬੋਲ''ਕਿਸਾਨੀ ਸਾਡੀ ਪੱਗ ਐ, ਪੱਗ ਨੂੰ ਹੱਥ ਪਾਓਗੇ ਤਾਂ ਹੱਥ ਤੋੜ ਦਿਆਂਗੇ''



ਨਵਜੋਤ ਸਿੰਘ ਸਿੱਧੂ ਨੇ ਭਾਜਪਾ 'ਚ ਸ਼ਾਮਲ ਹੋਣ ਦੀਆਂ ਕਿਆਸਅਰਾਈਆਂ ਨੂੰ ਸਿਰੇ ਤੋਂ ਨਕਾਰਦਿਆਂ ਪੰਜਾਬ ਤੇ ਕੇਂਦਰ ਸਰਕਾਰ 'ਤੇ ਕੱਢਿਆ ਗੁੱਸਾ; ਕਿਹਾ- 'ਸ਼ੇਖ ਚਿੱਲੀ ਹੈ ਮਾਨ'

ਨਵਜੋਤ ਸਿੰਘ ਸਿੱਧੂ ਨੇ ਕੇਂਦਰ ਅਤੇ ਪੰਜਾਬ ਸਰਕਾਰ 'ਤੇ ਗੁੱਸਾ ਜ਼ਾਹਰ ਕਰਦੇ ਹੋਏ ਕਿਹਾ ਹੈ ਕਿ ਪੰਜਾਬ 'ਚ ਚੱਲ ਰਹੇ ਕਿਸਾਨ ਅੰਦੋਲਨ ਨੂੰ ਜਾਇਜ਼ ਹੈ। ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਕਿਸਾਨਾਂ ਵਿੱਚ ਅਜਿਹਾ ਮਾੜਾ ਮਾਹੌਲ ਪੈਦਾ ਕਰ ਦਿੱਤਾ ਹੈ ਕਿ ਅੱਜ ਪੰਜਾਬ ਦੇ ਕਿਸਾਨ ਸਿਰਫ਼ ਮਜ਼ਦੂਰ ਬਣ ਕੇ ਰਹਿ ਗਏ ਹਨ। ਸਿੱਧੂ ਨੇ ਭਾਜਪਾ ਵਿੱਚ ਸ਼ਾਮਲ ਹੋਣ ਦੀਆਂ ਅਟਕਲਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ।

## ਕੇਜਰੀਵਾਲ ਨੇ ਫਿਰ ਈ.ਡੀ. ਸਾਹਮਣੇ ਪੇਸ਼ ਹੋਣ ਤੋਂ ਕੀਤਾ ਇਨਕਾਰ

ਨਵੀਂ ਦਿੱਲੀ : ਦਿੱਲੀ ਦੇ ਕਥਿਤ ਸ਼ਰਾਬ ਘੁਟਾਲੇ ਨਾਲ ਸਬੰਧਤ ਮਨੀ ਲਾਂਡਰਿੰਗ ਮਾਮਲੇ ਵਿੱਚ ਫਸੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਅੱਜ ਇੱਕ ਵਾਰ ਫਿਰ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਸਾਹਮਣੇ ਪੇਸ਼ ਹੋਣ ਤੋਂ ਇਨਕਾਰ ਕਰ ਦਿੱਤਾ ਹੈ। ਕੇਜਰੀਵਾਲ ਅਜਿਹਾ ਇੱਕ-ਦੋ ਵਾਰ ਨਹੀਂ ਸਗੋਂ ਛੇਵੀਂ ਵਾਰ ਕਰ ਚੁੱਕੇ ਹਨ। ਆਮ ਆਦਮੀ ਪਾਰਟੀ (ਆਪ) ਨੇ ਕਿਹਾ ਕਿ ਈਡੀ ਦੇ ਨੋਟਿਸ 'ਤੇ ਵੀ ਅਰਵਿੰਦ ਕੇਜਰੀਵਾਲ ਅੱਜ ਪੇਸ਼ ਨਹੀਂ ਹੋਣਗੇ। 'ਆਪ' ਨੇ ਕਿਹਾ ਕਿ ਈਡੀ ਦੇ ਨੋਟਿਸ ਗੈਰ-ਕਾਨੂੰਨੀ ਅਤੇ ਰਾਜਨੀਤੀ ਤੋਂ ਪ੍ਰੇਰਿਤ ਹਨ। 'ਆਪ' ਮੁਤਾਬਕ ਸੰਮਨਾਂ ਦੀ ਵੈਧਤਾ ਦਾ ਮਾਮਲਾ ਵੀ ਅਦਾਲਤ ਵਿੱਚ ਵਿਚਾਰ ਅਧੀਨ ਹੈ। 'ਆਪ' ਨੇ ਕਿਹਾ ਕਿ ਈਡੀ ਖੁਦ ਅਦਾਲਤ 'ਚ ਗਈ ਸੀ, ਇਸ ਲਈ ਹੁਣ ਵਾਰ-ਵਾਰ ਸੰਮਨ ਭੇਜਣ ਦੀ ਬਜਾਏ ਅਦਾਲਤ ਦੇ ਫੈਸਲੇ ਦੀ ਉਡੀਕ ਕਰਨੀ ਚਾਹੀਦੀ ਹੈ।



# ਕੈਪਟਨ ਅਮਰਿੰਦਰ ਨੇ ਭਾਜਪਾ ਤੇ ਅਕਾਲੀ ਦਲ ਗਠਜੋੜ ਦੇ ਦਿੱਤੇ ਸੰਕੇਤ, ਕਿਹਾ-'ਜਲਦ ਲਿਆ ਜਾਵੇਗਾ ਫੈਸਲਾ'

ਪੰਜਾਬ ਵਿਚ ਭਾਜਪਾ ਤੇ ਸ਼੍ਰੋਮਣੀ ਅਕਾਲੀ ਦਲ ਜਲਦ ਹੀ ਇਕੱਠੇ ਨਜ਼ਰ ਆ ਸਕਦੇ ਹਨ। ਸਾਬਕਾ ਮੁੱਖ ਮੰਤਰੀ ਤੇ ਭਾਜਪਾ ਦੇ ਸੀਨੀਅਰ ਨੇਤਾ ਕੈਪਟਨ ਅਮਰਿੰਦਰ ਸਿੰਘ ਨੇ ਇਨ੍ਹਾਂ ਦੇ ਗਠਜੋੜ ਦੇ ਸੰਕੇਤ ਦਿੱਤੇ ਹਨ। ਉਨ੍ਹਾਂ ਕਿਹਾ ਕਿ ਉਹ ਇਸ ਗਠਜੋੜ ਦੇ ਹੱਕ ਵਿਚ ਹਨ। ਸੂਬਾ ਭਾਜਪਾ ਪ੍ਰਧਾਨ ਸੁਨੀਲ ਜਾਖੜ ਵੀ ਇਸੇ ਪੱਖ ਵਿਚ ਹਨ। ਉਹ ਇਸ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲਬਾਤ ਕਰਨਗੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਦੇ ਮੁੱਦੇ ਨੂੰ ਲੈ ਕੇ ਉਹ ਅੱਜ ਪ੍ਰਧਾਨ ਮੰਤਰੀ ਮੋਦੀ ਨਾਲ ਮੀਟਿੰਗ ਕਰਨ ਜਾ ਰਹੇ ਹਨ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਵਿਚ ਅਕਾਲੀ ਦਲ ਤੇ ਭਾਜਪਾ ਦੇ ਗਠਜੋੜ ਦੀ ਲੋੜ ਹੈ। ਜੇਕਰ ਦੋਵੇਂ ਪਾਰਟੀਆਂ ਇਕੱਠੇ ਹੋ ਕੇ ਚੋਣ ਮੈਦਾਨ ਵਿਚ ਉਤਰਦੇ ਹਨ ਤਾਂ ਸਾਰੀਆਂ ਪਾਰਟੀਆਂ ਲਈ ਚੁਣੌਤੀ ਹੋਵੇਗੀ। ਉਨ੍ਹਾਂ ਕਿਹਾ ਕਿ ਮੈ ਖੁਦ ਝਫ ਨੱਡਾ ਨੂੰ ਗਠਜੋੜ ਬਾਰੇ ਕਿਹਾ ਹੈ। ਤੇ BJP ਤੇ SAD ਦੇ ਗਠਜੋੜ 'ਤੇ ਜਲਦ ਫ਼ੈਸਲਾ ਲਿਆ ਜਾਵੇਗਾ। ਦੱਸ ਦੇਈਏ ਕਿ ਕੈਪਟਨ ਅਮਰਿੰਦਰ ਸਿੰਘ ਅੱਜ ਕਿਸਾਨਾਂ ਦੇ ਮੁੱਦੇ ਨੂੰ ਲੈ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੀਟਿੰਗ ਕਰਨ ਜਾ ਰਹੇ ਹਨ। ਇਹ ਮੀਟਿੰਗ ਸ਼ਾਮ ਨੂੰ ਦਿੱਲੀ ਵਿਖੇ ਰੱਖੀ ਗਈ ਹੈ। ਉਮੀਦ ਹੈ ਕਿ ਜਲਦ ਹੀ ਮਸਲੇ ਦਾ ਹੱਲ ਨਿਕਲੇਗਾ।



# ਇਟਲੀ ਵਿੱਚ ਵੀਜ਼ਾ(ਪਰਮੈਸੋ ਦੀ ਸੋਜੋਰਨੋ) ਰਿਨਿਊ ਕਰਵਾਉਣ ਲਈ ਫਰਜ਼ੀ ਵਿਆਹ ਅਤੇ ਫਰਜੀ ਨੌਕਰੀਆਂ ਦਾ ਮਾਮਲਾ ਆਇਆ ਸਾਹਮਣੇ

ਰੋਮ ਇਟਲੀ(ਗੁਰਸ਼ਰਨ ਸਿੰਘ ਸੋਨੀ) ਇਟਲੀ ਦੇ ਤੋਸਕਾਨਾ ਸੂਬੇ ਦੇ ਸ਼ਹਿਰ ਪਰਾਤੋ ਵਿਖੇ ਗੁਆਰਦੀਆ ਦੀ ਫਿਨਾਂਸਾ ਵੱਲੋਂ ਹੁਣੇ ਹੀ 94 ਲੋਕਾਂ ਦੀ ਚਲ ਰਹੀ ਤਫਤੀਸ਼ ਨੂੰ ਮੁਕੰਮਲ ਕੀਤਾ ਗਿਆ ਹੈ। ਜਿਸ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਇਟਲੀ ਦੇ ਵੀਜ਼ਾ ਕਾਰਡ ਨੂੰ ਰਿਨਿਊ ਕਰਵਾਉਣ ਲਈ ਕਿਵੇਂ ਨਕਲੀ ਵਿਆਹ ਅਤੇ ਨਕਲੀ ਨੌਕਰੀ ਦਾ ਪ੍ਰਬੰਧ ਕੀਤਾ ਗਿਆ ਸੀ। ਜਿਸ ਦੇ ਬਦਲੇ ਵਿੱਚ ਪੈਸੇ ਲਏ ਜਾਂਦੇ ਸਨ। ਇਹ ਜਾਂਚ ਇਸ ਗੱਲ ਦੇ ਦੁਆਲੇ ਘੁੰਮ ਰਹੀ ਸੀ ਕਿ ਕਿਵੇਂ ਯੂਰਪ ਤੋਂ ਬਾਹਰਲੇ ਲੋਕਾਂ ਨੂੰ ਇਥੋਂ ਦੇ ਪੇਪਰ ਗੈਰਕਾਨੂੰਨੀ ਤਰੀਕੇ ਨਾਲ ਦਵਾਏ ਜਾ ਰਹੇ ਸਨ ਅਤੇ ਗਲਤ ਤਰੀਕੇ ਨਾਲ ਲੋਕਾਂ ਦੀ ਇਟਲੀ ਵਿੱਚ ਐਂਟਰੀ ਹੋ ਰਹੀ ਸੀ। ਕਿਵੇਂ ਗਲਤ ਤਰੀਕੇ ਨਾਲ ਸਰਕਾਰ ਨੂੰ ਧੋਖਾ ਦੇ ਕੇ ਬਿਨਾਂ ਟੈਕਸਾਂ ਤੋਂ ਨਕਲੀ ਡਾਕੂਮੈਂਟ ਬਣਵਾਏ ਜਾ ਰਹੇ ਸਨ। ਇਸ ਮਾਮਲੇ ਵਿੱਚ ਪਰਾਤੋ ਅਤੇ ਪਿਸਤੋਈਆ ਤੋਂ ਚਾਰ ਲੇਖਾਕਾਰ ਅਧਿਕਾਰੀ ਅਤੇ ਤਕਰੀਬਨ 10 ਇਟਾਲੀਅਨ ਲੋਕ ਕਾਬੂ ਕੀਤੇ ਗਏ ਹਨ ਜੋ ਨਕਲੀ ਵਿਆਹ ਕਰਵਾਉਂਦੇ ਸਨ। ਜਾਂਚ ਦੀ ਸ਼ੁਰੂਆਤ ਦੌਰਾਨ ਇਹ ਪਤਾ ਲੱਗਾ ਕਿ ਇੱਕ ਚੀਨੀ ਫੈਕਟਰੀ ਜੋ ਕਿ ਰੈਡੀਮੇਡ ਕੱਪੜੇ ਤਿਆਰ ਕਰਦੀ ਸੀ। ਉਹਨਾਂ ਨੇ ਸਰਕਾਰੀ ਕਾਗਜਾਂ ਵਿੱਚ ਇਹ ਦਿਖਾਇਆ ਕਿ ਉਹਨਾਂ ਨੇ 124 ਵਰਕਰ ਭਰਤੀ ਕੀਤੇ ਸਨ ਜਿਨਾਂ ਦੇ ਵੀਜ਼ਾ ਕਾਰਡ ਖਤਮ ਹੋਣ ਵਾਲੇ ਸਨ। ਇਸ ਵਿੱਚ ਚਾਰ ਲੇਖਾਕਾਰ ਅਧਿਕਾਰੀ ਵੀ ਸ਼ਾਮਿਲ ਸਨ। ਜਾਂਚ ਦੌਰਾਨ ਇੱਕ ਗੱਲ ਹੋਰ ਸਾਹਮਣੇ ਆਈ ਕਿ ਇਸ ਵਿੱਚ ਇੱਕ ਗਰੁੱਪ ਵੀ ਸ਼ਾਮਿਲ ਹੈ ਜੋ ਨਕਲੀ ਵਿਆਹ ਕਰਵਾਉਣ ਦਾ ਪ੍ਰਬੰਧ ਕਰਦਾ ਹੈ। ਜਿਸ ਵਿੱਚ ਇਟਾਲੀਅਨ ਮਰਦਾਂ ਨਾਲ ਬਾਹਰਲੇ ਦੇਸ਼ਾਂ ਤੋਂ ਆਈਆਂ ਔਰਤਾਂ ਦੇ ਵਿਆਹ ਕਰਵਾਏ ਜਾਂਦੇ ਹਨ। ਜਿਸ ਨਾਲ ਉਹ ਇਟਲੀ ਦੇ ਰੈਜੀਡੈਂਟ ਪਰਮਿਟ ਲੈ ਸਕਣ ਇਕ ਵਿਆਹ ਦੀ ਫੀਸ ਜਾਂ ਕੀਮਤ 5 ਹਜਾਰ ਯੂਰੋ ਰੱਖੀ ਗਈ ਸੀ। ਜਾਂਚ ਦੌਰਾਨ ਤੀਜੀ ਗੱਲ ਇਹ ਸਾਹਮਣੇ ਆਈ ਹੈ ਕਿ ਵੱਖ ਵੱਖ ਸਮੇਂ ਤੇ ਸਰਕਾਰ ਵੱਲੋਂ ਖੋਲੇ ਜਾਂਦੇ ਪੇਪਰ 'ਸਾਨਾਤੋਰੀਆ' ਤਹਿਤ ਘਰੇਲੂ ਕੰਮ ਕਰਵਾਉਣ ਲਈ ਅਤੇ ਬਜ਼ੁਰਗਾਂ ਦੀ ਸਾਂਭ ਸੰਭਾਲ ਲਈ ਵੀ ਪੇਪਰ ਨਕਲੀ ਤਰੀਕੇ ਨਾਲ ਭਰੇ ਜਾਂਦੇ ਸਨ। ਅੰਤ ਵਿੱਚ ਨੌ ਹੋਰ ਅਜਿਹੇ ਕੇਸ ਸਾਹਮਣੇ ਆਏ ਹਨ। ਜਿਨਾਂ ਵਿਚ ਕਾਗਜ਼ਾਂ ਵਿਚ ਕੰਪਨੀਆਂ ਖੋਲੀਆਂ ਜਾਂਦੀਆਂ ਸਨ ਅਤੇ ਬੰਦ ਕਰ ਦਿੱਤੀਆਂ ਜਾਂਦੀਆਂ ਸਨ ਬਿਨਾਂ ਕਿਸੇ ਟੈਕਸ ਦੇ ਭੁਗਤਾਨ ਕੀਤੇ। ਜਾਂਚ ਦੌਰਾਨ ਕਾਫੀ ਸਾਰੀਆਂ ਕੰਪਨੀਆਂ ਸਿਰਫ ਕਾਗਜਾਂ ਵਿੱਚ ਹੀ ਦਿਖਾਈਆਂ ਗਈਆਂ ਸਨ। ਜਮੀਨੀ ਪੱਧਰ ਤੇ ਉਹਨਾਂ ਦਾ ਕੋਈ ਨਾਮੋ ਨਿਸ਼ਾਨ ਨਹੀਂ ਸੀ ਅਤੇ ਜੋ ਉਹਨਾਂ ਵੱਲ ਸਰਕਾਰੀ ਟੈਕਸ ਬਣਦਾ ਸੀ ਉਹ ਲਗਭਗ 10 ਲੱਖ ਯੂਰੋ ਹੈ




# ਜਪਾਨ ਤੇ ਬ੍ਰਿਟੇਨ 'ਚ ਛਾਏ ਮੰਦੀ ਦੇ ਬੱਦਲ!

ਲੰਡਨ : ਤੁਸੀਂ ਅਕਸਰ ਹੀ ਮੰਦੀ ਸ਼ਬਦ ਬਾਰੇ ਤਾਂ ਜ਼ਰੂਰ ਸੁਣਿਆ ਹੋਵੇਗਾ। ਜਦੋਂ ਵੀ ਕਿਸੇ ਦਾ ਕੰਮਕਾਰ ਡਾਊਨ ਹੋ ਜਾਵੇ ਤਾਂ ਲੋਕ ਇਹੀ ਆਖਦੇ ਨੇ ਕਿ ਮੰਦੀ ਚੱਲ ਰਹੀ ਐ। ਇਸੇ ਤਰ੍ਹਾਂ ਜੇਕਰ ਦੇਸ਼ ਦੀ ਅਰਥਵਿਵਸਥਾ ਵਿਚ ਗਿਰਾਵਟ ਹੋਣ ਲੱਗੇ ਤਾਂ ਕਿਹਾ ਜਾਂਦਾ ਏ ਕਿ ਦੇਸ਼ ਮੰਦੀ ਵੱਲ ਵਧ ਰਿਹਾ ਏ ਜਾਂ ਦੇਸ਼ ਵਿਚ ਮੰਦੀ ਆ ਗਈ ਐ। ਪਿਛਲੇ ਦਿਨੀਂ ਦੁਨੀਆਂ ਦੀਆਂ ਦੋ ਮਜ਼ਬੂਤ ਅਰਥਵਿਵਸਥਾਵਾਂ ਜਪਾਨ ਅਤੇ ਬ੍ਰਿਟੇਨ ਦੇ ਮੰਦੀ ਵੱਲ ਜਾਣ ਦੀਆਂ ਖ਼ਬਰਾਂ ਸਾਹਮਣੇ ਆਈਆਂ, ਜਿਸ ਨੇ ਵਿਸ਼ਵ ਦੇ ਕਈ ਦੇਸ਼ਾਂ ਵਿਚ ਹਲਚਲ ਪੈਦਾ ਕਰ ਦਿੱਤੀ ਐ। ਸੋ ਆਓ ਤੁਹਾਨੂੰ ਦੱਸਦੇ ਆਂ, ਕੀ ਹੁੰਦੀ ਐ ਮੰਦੀ? ਇਸ ਦਾ ਸਾਡੀ ਜ਼ਿੰਦਗੀ 'ਤੇ ਕੀ ਪੈਂਦਾ ਏ ਪ੍ਰਭਾਵ ਅਤੇ ਕੀ ਹੁੰਦੇ ਨੇ ਮੰਦੀ ਆਉਣ ਦੇ ਕਾਰਨ?

ਤੁਸੀਂ ਕਈ ਵਾਰ ਸੁਣਿਆ ਹੋਵੇਗਾ ਕਿ ਭਾਰਤ ਦੀ ਜੀਡੀਪੀ 7 ਫ਼ੀਸਦੀ ਵਧ ਰਹੀ ਐ ਜੋ ਦੁਨੀਆ ਵਿਚ ਸਭ ਤੋਂ ਤੇਜ਼ ਵਧਣ ਵਾਲੀ ਜੀਡੀਪੀ ਐ। ਜੀਡੀਪੀ ਯਾਨੀ ਦੇਸ਼ ਦੀ ਆਮਦਨੀ। ਆਮਦਨੀ ਵਧਣਾ ਚੰਗੀ ਗੱਲ ਐ, ਕਦੇ ਕਦੇ ਇਹ ਹੌਲੀ ਹੌਲੀ ਵਧਦੀ ਐ ਅਤੇ ਕਦੇ ਤੇਜ਼ ਹੋ ਜਾਂਦੀ ਐ ਪਰ ਕੀ ਹੋਵੇਗਾ ਜਦੋਂ ਆਮਦਨੀ ਘੱਟ ਹੋਣ ਲੱਗ ਜਾਵੇ? ਇਸੇ ਸਥਿਤੀ ਨੂੰ ਮੰਦੀ ਕਿਹਾ ਜਾਂਦਾ ਏ। ਇਕ ਦਿਨ ਦੇ ਨੁਕਸਾਨ ਨੂੰ ਇੰਨਾ ਗੰਭੀਰਤਾ ਨਾਲ ਨਹੀਂ ਲੈ ਸਕਦੇ ਪਰ ਦੇਸ਼ ਦੇ ਲਈ ਆਮਦਨੀ ਘੱਟ ਹੋਣਾ ਕਦੋਂ ਗੰਭੀਰ ਚਿੰਤਾ ਦਾ ਵਿਸ਼ਾ ਬਣਦਾ ਏ?

ਇਸ ਦੇ ਲਈ ਅਮਰੀਕੀ ਅਰਥ ਸ਼ਾਸਤਰੀ ਨੇ ਇਕ ਫਾਰਮੂਲਾ ਦਿੱਤਾ, ਜਿਸ ਦੇ ਮੁਤਾ-ਬਕ ਕਿਸੇ ਦੇਸ਼ ਦੀ ਜੀਡੀਪੀ ਜੇਕਰ ਲਗਾਤਾਰ ਦੋ ਤਿਮਾਹੀਆਂ ਤੱਕ ਡਿਗਦੀ ਰਹਿੰਦੀ ਐ ਤਾਂ ਇਸ ਨੂੰ ਮੰਦੀ ਦਾ ਨਾਮ ਦਿੱਤਾ ਜਾਂਦਾ ਏ। ਦੋ ਤਿਮਾਹੀ ਦਾ ਯਾਨੀ ਛੇ ਮਹੀਨੇ। ਜੇਕਰ ਲਗਾਤਾਰ 6 ਮਹੀਨਿਆਂ ਤੱਕ ਕਿਸੇ ਦੇਸ਼ ਦੀ ਆਮਦਨੀ ਘੱਟ ਹੋ ਰਹੀ ਹੋਵੇ ਤਾਂ ਇਹ ਚਿੰਤਾ ਦਾ ਵਿਸ਼ਾ ਏ। ਵੈਸੇ ਐਵੇਂ ਹੀ ਕਿਸੇ ਦੇ ਕਹਿਣ 'ਤੇ ਮੰਦੀ ਨਹੀਂ ਮੰਨੀ ਜਾਂਦੀ ਕਿਉਂਕਿ ਇਕ ਵਾਰ ਮੰਦੀ ਡਿਕਲੇਅਰ ਹੋ ਗਈ ਤਾਂ ਵੱਡੀਆਂ ਵੱਡੀਆਂ ਸਮੱਸਿਆਵਾਂ ਖੜ੍ਹੀਆਂ ਹੋ ਜਾਂਦੀਆਂ ਨੇ।




# ਬਸਪਾ ਲਈ ਵਿਰੋਧੀ ਗਠਜੋੜ ਦੇ ਦਰਵਾਜ਼ੇ ਖੁੱਲ੍ਹੇ: ਕਾਂਗਰਸ

ਉੱਤਰ ਪ੍ਰਦੇਸ਼ - ਕਾਂਗਰਸ ਦੇ ਉੱਤਰ ਪ੍ਰਦੇਸ਼ ਇੰਚਾਰਜ ਅਵਿਨਾਸ਼ ਪਾਂਡੇ ਨੇ ਐਤਵਾਰ ਨੂੰ ਕਿਹਾ ਕਿ ਵਿਰੋਧੀ ਗੱਠਜੋੜ ਭਾਰਤ ਦੇ ਦਰਵਾਜ਼ੇ ਬਹੁਜਨ ਸਮਾਜ ਪਾਰਟੀ (ਬਸਪਾ) ਲਈ ਖੁੱਲ੍ਹੇ ਹਨ ਅਤੇ ਹੁਣ ਇਹ ਮਾਇਆਵਤੀ 'ਤੇ ਨਿਰਭਰ ਕਰਦਾ ਹੈ ਕਿ ਉਹ ਆਗਾਮੀ ਲੋਕ ਸਭਾ ਚੋਣਾਂ ਭਾਰਤੀ ਜਨਤਾ ਪਾਰਟੀ (ਭਾਜਪਾ) ਵਿਰੁੱਧ ਇਕਜੁੱਟ ਹੋ ਕੇ ਲੜਨਾ ਚਾਹੁੰਦੀ ਹੈ ਜਾਂ ਆਪਣੇ ਦਮ 'ਤੇ।

ਕਾਂਗਰਸ ਜਨਰਲ ਸਕੱਤਰ ਨੇ ਕਿਹਾ ਕਿ ਵਿਰੋਧੀ ਗੱਠਜੋੜ ਭਾਰਤ ਚਾਹੁੰਦਾ ਹੈ ਕਿ ਬਸਪਾ ਇਸ ਗੱਠਜੋੜ ਦਾ ਹਿੱਸਾ ਬਣੇ ਪਰ ਮਾਇਆਵਤੀ ਪਹਿਲਾਂ ਹੀ ਐਲਾਨ ਕਰ ਚੁੱਕੀ ਹੈ ਕਿ ਉਹ ਲੋਕ ਸਭਾ ਚੋਣਾਂ ਇਕੱਲੇ ਲੜੇਗੀ। ਰਾਜਨੀਤਿਕ ਤੌਰ 'ਤੇ ਮਹੱਤਵਪੂਰਨ ਮੰਨੇ ਜਾਣ ਵਾਲੇ ਉੱਤਰ ਪ੍ਰਦੇਸ਼ 'ਚ ਭਾਰਤ ਜੋੜੋ ਨਿਆਂ ਯਾਤਰਾ ਦੌਰਾਨ ਪਾਂਡੇ ਨੇ ਕਿਹਾ ਕਿ ਕਾਂਗਰਸ ਪੂਰੇ ਦਿਲ ਨਾਲ ਸਮਾਜਵਾਦੀ ਪਾਰਟੀ ਦਾ ਸਮਰਥਨ ਕਰ ਰਹੀ ਹੈ।

ਉਨ੍ਹਾਂ ਭਰੋਸਾ ਜ਼ਾਹਰ ਕੀਤਾ ਕਿ ਲੋਕ ਸਭਾ ਚੋਣਾਂ ਲਈ ਸੂਬੇ ਵਿੱਚ ਸੀਟਾਂ ਦੀ ਵੰਡ ਨੂੰ ਲੈ ਕੇ ਚੱਲ ਰਿਹਾ ਅੜਿੱਕਾ ਛੇਤੀ ਹੀ ਹੱਲ ਹੋ ਜਾਵੇਗਾ ਅਤੇ ਸਮਝੌਤੇ ਨੂੰ ਅੰਤਿਮ ਰੂਪ ਦੇ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕਾਂਗਰਸ-ਸਪਾ ਗੱਠਜੋੜ ਉੱਤਰ ਪ੍ਰਦੇਸ਼ ਦੀਆਂ ਛੋਟੀਆਂ ਪਾਰਟੀਆਂ ਨਾਲ ਵੀ ਗੱਲਬਾਤ ਕਰ ਰਿਹਾ ਹੈ ਜੋ ਲੋਕ ਸਭਾ ਚੋਣਾਂ ਵਿਚ ਭਾਜਪਾ ਦਾ ਮੁਕਾਬਲਾ ਕਰਨ ਲਈ ਵਿਰੋਧੀ ਗੱਠਜੋੜ 'ਇੰਡੀਆ' ਵਿਚ ਸ਼ਾਮਲ ਹੋਣਗੀਆਂ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਸ ਮਹੀਨੇ ਦੇ ਅੰਤ ਤੱਕ ਸਾਰੇ ਮੁੱਦੇ ਹੱਲ ਹੋ ਜਾਣਗੇ। ਪਾਂਡੇ ਨੇ ਕਿਹਾ ਕਿ ਉਨ੍ਹਾਂ ਵਿਚੋਂ ਕੁਝ (ਛੋਟੀਆਂ ਪਾਰਟੀਆਂ) ਬਿਨਾਂ ਸ਼ਰਤ ਸ਼ਾਮਲ ਹੋ ਰਹੀਆਂ ਹਨ ਅਤੇ ਕੁਝ ਪਾਰਟੀਆਂ ਨੂੰ ਕੁਝ ਉਮੀਦਾਂ ਹਨ, ਇਸ ਲਈ ਇਸ ਵਿਚ ਕੁਝ ਸਮਾਂ ਲੱਗ ਰਿਹਾ ਹੈ (ਉੱਤਰ ਪ੍ਰਦੇਸ਼ ਵਿਚ ਸੀਟਾਂ ਦੀ ਵੰਡ ਨੂੰ ਅੰਤਿਮ ਰੂਪ ਦੇਣਾ) ਪਰ ਇਸ ਮਹੀਨੇ ਦੇ ਅੰਤ ਤੱਕ ਸਾਰੇ ਮੁੱਦੇ ਹੱਲ ਹੋ ਜਾਣਗੇ।

# ਲਾਲ ਕਿਲ੍ਹਾ ਸੈਲਾਨੀਆਂ ਲਈ ਮੁੜ ਖੋਲ੍ਹਿਆ ਗਿਆ

ਨਵੀਂ ਦਿੱਲੀ: ਕਿਸਾਨਾਂ ਦੇ ਮਾਰਚ ਦੇ ਮੱਦੇਨਜ਼ਰ ਸੁਰੱਖਿਆ ਕਾਰਨਾਂ ਤੋਂ ਕਰੀਬ ਇਕ ਹਫਤਾ ਪਹਿਲਾਂ ਸੈਲਾਨੀਆਂ ਲਈ ਬੰਦ ਕੀਤੇ ਗਏ ਇਤਿਹਾਸਕ ਲਾਲ ਕਿਲ੍ਹੇ ਦੇ ਕੰਪਲੈਕਸ ਨੂੰ ਮੁੜ ਖੋਲ੍ਹ ਦਿਤਾ ਗਿਆ ਹੈ। ਅਧਿਕਾਰਤ ਸੂਤਰਾਂ ਨੇ ਐਤਵਾਰ ਨੂੰ ਇਹ ਜਾਣਕਾਰੀ ਦਿਤੀ । ਪੁਰਾਣੀ ਦਿੱਲੀ 'ਚ ਮੁਗਲ ਕਾਲ ਦੇ ਵਿਸ਼ਵ ਵਿਰਾਸਤ ਸਥਾਨ ਨੂੰ ਸੁਰੱਖਿਆ ਕਾਰਨਾਂ ਕਰ ਕੇ ਸੋਮਵਾਰ ਰਾਤ ਨੂੰ 'ਅਚਾਨਕ ਸੀਲ' ਕਰ ਦਿਤਾ ਗਿਆ ਸੀ। ਭਾਰਤੀ ਪੁਰਾਤੱਤਵ ਸਰਵੇਖਣ (ਏ.ਐੱਸ.ਆਈ.) ਦੇ ਇਕ ਸੀਨੀਅਰ ਅਧਿਕਾਰੀ ਨੇ ਦਸਿਆ ਕਿ ਇਸ ਨੂੰ ਦੋ ਦਿਨ ਪਹਿਲਾਂ ਮੁੜ ਖੋਲ੍ਹਿਆ ਗਿਆ ਸੀ। ਲਾਲ ਕਿਲ੍ਹਾ ਸੋਮਵਾਰ ਨੂੰ ਸੈਲਾਨੀਆਂ ਲਈ ਨਿਯਮਤ ਤੌਰ 'ਤੇ ਬੰਦ ਰਹਿੰਦਾ ਹੈ, ਇਸ ਲਈ ਉਨ੍ਹਾਂ ਨੂੰ 19 ਫ਼ਰਵਰੀ ਨੂੰ ਕੰਪਲੈਕਸ 'ਚ ਦਾਖ਼ਲ ਹੋਣ ਦੀ ਇਜਾਜ਼ਤ ਨਹੀਂ ਮਿਲੇਗੀ। ਕਿਸਾਨਾਂ ਦੇ 'ਦਿੱਲੀ ਚਲੋ' ਮਾਰਚ ਦੇ ਮੱਦੇਨਜ਼ਰ ਪੁਲਿਸ ਅਤੇ ਨੀਮ ਫ਼ੌਜੀ ਫ਼ੋਰਸ ਦੀ ਭਾਰੀ ਤਾਇਨਾਤੀ ਦੇ ਮੱਦੇਨਜ਼ਰ ਸੁਰੱਖਿਆ ਕਾਰਨਾਂ ਕਰ ਕੇ ਲਾਲ ਕਿਲ੍ਹੇ ਨੂੰ ਸੈਲਾਨੀਆਂ ਲਈ ਅਸਥਾਈ ਤੌਰ 'ਤੇ ਬੰਦ ਕਰ ਦਿਤਾ ਗਿਆ ਸੀ। ਸੂਤਰਾਂ ਨੇ ਦਸਿਆ ਕਿ ਸੈਰ-ਸਪਾਟਾ ਸਥਾਨ ਨੂੰ ਦੁਬਾਰਾ ਖੋਲ੍ਹਣ ਲਈ ਅਧਿਕਾਰਤ ਤੌਰ 'ਤੇ ਕੋਈ ਹੁਕਮ ਜਾਰੀ ਨਹੀਂ ਕੀਤਾ ਗਿਆ ਹੈ। ਇਸ ਨੂੰ ਪੁਲਿਸ ਦੇ ਹੁਕਮਾਂ ਅਨੁਸਾਰ ਬੰਦ ਕਰ ਦਿਤਾ ਗਿਆ ਸੀ ਅਤੇ ਉਸ ਅਨੁਸਾਰ ਮੁੜ ਖੋਲ੍ਹਿਆ ਗਿਆ ਹੈ।



# ਅਮਰੀਕਾ ਵਿਚ ਭਾਰਤੀ ਮੋਟਲ ਮਾਲਕ ਦੀ ਗੋਲੀ ਮਾਰ ਕੇ ਹੱਤਿਆ * ਕਮਰਾ ਕਿਰਾਏ 'ਤੇ ਲੈਣ ਦੇ ਮੁੱਦੇ 'ਤੇ ਹੋਏ ਝਗੜੇ ਉਪਰੰਤ ਵਾਪਰੀ ਘਟਨਾ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) -ਅਮਰੀਕਾ ਦੇ ਸ਼ਹਿਰ ਸ਼ੈਫੀਲਡ (ਅਲਾਬਾਮਾ) ਵਿਚ ਇਕ 76 ਸਾਲਾ ਭਾਰਤੀ ਮੋਟਲ ਮਾਲਕ ਦੀ ਗੋਲੀ ਮਾਰ ਕੇ ਹੱਤਿਆ ਕਰ ਦੇਣ ਦੀ ਖਬਰ ਹੈ। ਪ੍ਰਾਪਤ



ਵੇਰਵੇ ਅਨੁਸਾਰ ਹਿਲਕਰੈਸਟ ਮੋਟਲ ਦੇ ਮਾਲਕ ਭਾਰਤੀ -ਅਮਰੀਕੀ ਪ੍ਰਾਵੀਨ ਰਾਓਜੀਭਾਈ ਪਟੇਲ ਦੀ ਹੱਤਿਆ ਦੇ ਮਾਮਲੇ ਵਿਚ ਪੁਲਿਸ ਨੇ ਸ਼ੱਕੀ 34 ਸਾਲਾ ਵਿਲੀਅਮ ਜੈਰਮੀ ਮੂਰ ਨੂੰ ਗ੍ਰਿਫਤਾਰ ਕੀਤਾ ਹੈ। ਸ਼ੈਫਫੀਲਡ ਪੁਲਿਸ ਮੁਖੀ ਰਿਕੀ ਟੈਰੀ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਸ਼ੱਕੀ ਮੂਰ ਨੂੰ ਘਟਨਾ ਦੇ ਕੁਝ ਸਮੇ ਬਾਅਦ ਉਸ ਵੇਲੇ ਗ੍ਰਿਫਤਾਰ ਕਰ ਲਿਆ ਗਿਆ ਜਦੋਂ ਉਹ ਇਕ ਲਾਵਾਰਸ ਘਰ ਵਿਚ ਲੁਕਣ ਦੀ ਕੋਸ਼ਿਸ਼ ਕਰ ਰਿਹਾ ਸੀ। ਜਾਂਚਕਾਰਾਂ ਅਨੁਸਾਰ ਮੂਰ ਮੋਟਲ ਵਿਚ ਕਮਰਾ ਕਿਰਾਏ 'ਤੇ ਲੈਣਾ ਚਹੁੰਦਾ ਸੀ ਜਿਸ ਨੂੰ ਲੈ ਕੇ ਪਟੇਲ ਨਾਲ ਹੋਏ ਝਗੜੇ ਉਪਰੰਤ ਮੂਰ ਨੇ ਆਪਣੀ ਗੰਨ ਨਾਲ ਬਜੁਰਗ ਪਟੇਲ ਨੂੰ ਗੋਲੀ ਮਾਰ ਦਿੱਤੀ। ਟੈਰੀ ਨੇ ਕਿਹਾ ਕਿ ਹੱਤਿਆ ਲਈ ਵਰਤੀ ਗੰਨ ਮੂਰ ਦੇ ਕਬਜੇ ਵਿਚੋਂ ਬਰਾਮਦ ਕਰ ਲਈ ਹੈ। ਪੁਲਿਸ ਮੁਖੀ ਨੇ ਕਿਹਾ ਕਿ ਸ਼ੱਕੀ ਮੂਰ ਨੂੰ ਇਸ ਸਮੇ ਸ਼ੈਫੀਲਡ ਸਿਟੀ ਜੇਲ ਵਿਚ ਰਖਿਆ ਗਿਆ ਹੈ ਤੇ ਵਾਰੰਟ ਜਾਰੀ ਹੋਣ ਉਪਰੰਤ ਉਸ ਨੂੰ ਕੋਲਬਰਟ ਕਾਊਂਟੀ ਜੇਲ ਵਿਚ ਲਿਜਾਇਆ ਜਾਵੇਗਾ।

# ਲਾਸ ਏਂਜਲਸ ਵਿਚ ਗੈਸ ਲਿਜਾ ਰਹੇ ਸੈਮੀ ਟਰੱਕ ਵਿਚ ਜਬਰਦਸਤ ਧਮਾਕੇ ਉਪਰੰਤ ਲੱਗੀ ਅੱਗ, 9 ਜਖਮੀ, 2 ਦੀ ਹਾਲਤ ਗੰਭੀਰ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਕੈਲੀਫੋਰਨੀਆ ਦੇ ਸ਼ਹਿਰ ਲਾਸ ਏਂਜਲਸ ਵਿਚ ਗੈਸ ਲਿਜਾ ਰਹੇ ਇਕ ਸੈਮੀ ਟਰੱਕ ਵਿਚ ਹੋਏ ਜਬਰਦਸਤ ਧਮਾਕੇ ਉਪਰੰਤ ਲੱਗੀ ਅੱਗ ਉਪਰ ਕਾਬੂ ਪਾਉਣ ਦੇ ਯਤਨ ਦਰਮਿਆਨ ਅੱਗ ਬੁਝਾਊ ਵਿਭਾਗ ਦੇ 9 ਕਾਮੇ ਜਖਮੀ ਹੋ ਗਏ ਜਿਨਾਂ ਵਿਚੋਂ 2 ਦੀ ਹਾਲਤ ਗੰਭੀਰ ਦਸੀ ਜਾਂਦੀ ਹੈ। ਇਹ ਜਾਣਕਾਰੀ ਅੱਗ ਬੁਝਾਊ ਵਿਭਾਗ ਨੇ ਦਿੱਤੀ ਹੈ। ਲਾਸ ਏਂਜਲਸ ਫਾਇਰ ਕੈਪਟਨ ਏਰਿਕ ਸਕਾਟ ਨੇ ਕਿਹਾ ਹੈ ਕਿ ਸੈਮੀ ਟਰੱਕ ਦੇ ਦੋ ਟੈਂਕਾਂ ਵਿਚ ਕੰਪਰੈਸਡ ਨੈਚਰਲ ਗੈਸ ਭਰੀ ਹੋਈ ਸੀ ਜਿਨਾਂ ਵਿਚੋਂ ਇਕ ਟੈਂਕ ਵਿਚ ਹੋਏ ਧਮਾਕੇ ਉਪਰੰਤ ਅੱਗ ਲੱਗ ਗਈ। 9 ਜਖਮੀਆਂ ਨੂੰ ਹਾਰਬੋਰ ਯੂ ਸੀ ਐਲ ਏ ਮੈਡੀਕਲ ਸੈਂਟਰ ਵਿਚ ਦਾਖਲ ਕਰਵਾਇਆ ਗਿਆ ਹੈ ਜਿਨਾਂ ਵਿਚੋਂ 2 ਗੰਭੀਰ ਜਖਮੀ ਹਨ ਜਦ ਕਿ ਬਾਕੀ 7 ਦੀ ਹਾਲਤ ਠੀਕ ਹੈ।

# ਅਮਰੀਕਾ ਵਿਚ ਇਕ ਪੁਲਿਸ ਅਫਸਰ ਦੀ ਹੱਤਿਆ ਕਰਨ ਤੇ ਇਕ ਹੋਰ ਨੂੰ ਜਖਮੀ ਕਰਨ ਦੇ ਮਾਮਲੇ ਵਿਚ ਸ਼ੱਕੀ ਗ੍ਰਿਫਤਾਰ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਬਲਾਊਂਟ ਕਾਊਂਟੀ ਵਿਚ ਗੋਲੀਬਾਰੀ ਕਰਕੇ ਇਕ ਪੁਲਿਸ ਅਫਸਰ ਦੀ ਹੱਤਿਆ ਕਰਨ ਤੇ ਇਕ ਹੋਰ ਨੂੰ ਜਖਮੀ ਕਰਨ ਦੇ ਮਾਮਲੇ ਵਿਚ ਪੁਲਿਸ ਵੱਲੋਂ ਸ਼ੱਕੀ ਦੋਸ਼ੀ ਨੂੰ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਇਹ ਜਾਣਕਾਰੀ ਬਲਾਊਂਟ ਕਾਊਂਟੀ ਦੇ ਸ਼ੈਰਿਫ ਦਫਤਰ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਬੀਤੇ ਹਫਤੇ ਮੈਰੀਵਿਲੇ ਵਿਚ ਇਕ ਟਰੈਫਿਕ ਸਟਾਪ 'ਤੇ 2 ਪੁਲਿਸ ਅਫਸਰਾਂ 'ਤੇ ਕਥਿੱਤ



ਗੋਲੀਬਾਰੀ ਕਰਨ ਉਪਰੰਤ ਫਰਾਰ ਹੋਏ ਸ਼ੱਕੀ ਦੋਸ਼ੀ ਕੈਨੇਥ ਵੇਨੇ ਡੀਹਰਟ (42) ਦੀ ਭਾਲ ਲਈ ਲਾਅ ਇਨਫੋਰਸਮੈਂਟ ਦੇ 150 ਤੋਂ ਵਧ ਜਵਾਨ ਕੰਮ ਰਹੇ ਸਨ। ਸ਼ੈਰਿਫ ਦਫਤਰ ਅਨੁਸਾਰ ਡੀਹਰਟ ਨੂੰ ਨੋਕ-ਸਵਿਲੇ , ਟੈਨੇਸੀ, ਵਿਚੋਂ ਗ੍ਰਿਫਤਾਰ ਕੀਤਾ ਗਿਆ ਹੈ। ਇਸ ਗੋਲੀਬਾਰੀ ਵਿਚ ਡਿਪਟੀ ਗਰੇਗ ਮਕੋਵਾਨ ਦੀ ਮੌਤ ਹੋ ਗਈ ਸੀ ਤੇ ਦੂਸਰਾ ਡਿਪਟੀ ਸ਼ੈਲਬਾਈ ਈਗਰਜ ਜਖਮੀ ਹੋ ਗਿਆ ਸੀ। ਇਸ ਮਾਮਲੇ ਵਿਚ ਡੀਹਰਟ ਦੇ ਭਰਾ ਤੇ ਮਿਤਰ ਕੁੜੀ ਨੂੰ ਪਹਿਲਾਂ ਹੀ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ।

# ਅਮਰੀਕਾ: ਨਿਊ ਜਰਸੀ ’ਚ ਰਿਹਾਇਸ਼ੀ ਇਮਾਰਤ ਨੂੰ ਅੱਗ ਲੱਗੀ, ਭਾਰਤੀ ਮੂਲ ਦੇ ਵਿਦਿਆਰਥੀਆਂ ਤੇ ਪੇਸ਼ੇਵਰਾਂ ਦੀ ਜਾਨ ਬਚੀ

ਨਿਊਯਾਰਕ- ਅਮਰੀਕਾ ਦੇ ਨਿਊਜਰਸੀ ਸ਼ਹਿਰ ਵਿਚ ਇਮਾਰਤ ਵਿਚ ਅੱਗ ਲੱਗਣ ਕਾਰਨ ਬੇਘਰ ਹੋਏ ਦਰਜਨਾਂ ਵਿਅਕਤੀਆਂ ਵਿਚ ਕੁਝ ਭਾਰਤੀ ਵਿਦਿਆਰਥੀ ਅਤੇ ਪੇਸ਼ੇਵਰ ਸ਼ਾਮਲ ਹਨ। ਇਮਾਰਤ ਵਿੱਚ ਰਹਿਣ ਵਾਲਿਆਂ ਜਾਂ ਅੱਗ ਬੁਝਾਉਣ ਵਾਲਿਆਂ ਦੇ ਜ਼ਖ਼ਮੀ ਹੋਣ ਦੀ ਕੋਈ ਰਿਪੋਰਟ ਨਹੀਂ ਹੈ। ਅੱਗ 77 ਨੈਲਸਨ ਐਵੇਨਿਊ ਵਿਖੇ ਬਹੁ-ਮੰਜ਼ਿਲਾ ਇਮਾਰਤ ਦੀ ਹੇਠਲੀ ਮੰਜ਼ਿਲ ਤੋਂ ਸ਼ੁਰੂ ਹੋਈ ਅਤੇ ਪਹਿਲੀ ਅਤੇ ਦੂਜੀ ਮੰਜ਼ਿਲ ਅਤੇ ਫਿਰ ਛੱਤ ਤੱਕ ਫੈਲ ਗਈ। ਅੱਗ ਨਾਲ ਗੁਆਂਢੀ ਇਮਾਰਤ ਦੀ ਛੱਤ ਵੀ ਨੁਕਸਾਨੀ ਗਈ ਹੈ। ਨਿਊਯਾਰਕ ਵਿੱਚ ਭਾਰਤ ਦੇ ਕੌਂਸਲੇਟ ਜਨਰਲ ਨੇ ਕਿਹਾ ਕਿ ਉਹ ਅੱਗ ਨਾਲ ਪ੍ਰਭਾਵਿਤ ਭਾਰਤੀਆਂ ਨੂੰ ਸਹਾਇਤਾ ਪ੍ਰਦਾਨ ਕਰ ਰਿਹਾ ਹੈ।

# ਅਮਰੀਕਾ ਦੀ ਅਦਾਲਤ ਨੇ ਧੋਖਾਧੜੀ ਮਾਮਲੇ ’ਚ ਟਰੰਪ ’ਤੇ 36.40 ਕਰੋੜ ਡਾਲਰ ਦਾ ਜੁਰਮਾਨਾ ਕੀਤਾ

ਨਿਊਯਾਰਕ ਦੇ ਜੱਜ ਨੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਧੋਖਾਧੜੀ ਦੇ ਮਾਮਲੇ ਵਿਚ ਦੋਸ਼ੀ ਠਹਿਰਾਇਆ ਹੈ ਅਤੇ ਉਨ੍ਹਾਂ ਨੂੰ 36. ਕਰੋੜ ਡਾਲਰ ਦਾ ਜੁਰਮਾਨਾ ਕੀਤਾ ਹੈ। ਜੱਜ ਨੇ ਆਪਣੇ ਫੈਸਲੇ ‘ਚ ਕਿਹਾ ਕਿ ਟਰੰਪ ਦੀ ਸਾਲਾਂ ਤੋਂ ਚੱਲੀ ਆ ਰਹੀ ਯੋਜਨਾ ’ਚ ਇਸ ਤਰ੍ਹਾਂ ਦੇ ਵਿੱਤੀ ਵੇਰਵੇ ਪੇਸ਼ ਕੀਤੇ ਗਏ, ਜਿਨ੍ਹਾਂ ਨਾਲ ਇਹ ਭਰਮ ਪੈਦਾ ਕਰਨਾ ਸੀ ਕਿ ਉਨ੍ਹਾਂ ਦੀਆਂ ਜਾਇਦਾਦਾਂ ਅਸਲ ‘ਚ ਬਹੁਤ ਮਹਿੰਗੀਆਂ ਹਨ ਅਤੇ ਇਸ ਤਰ੍ਹਾਂ ਆਪਣੇ ਆਪ ਨੂੰ ਅਮੀਰ ਦਿਖਾਉਂਦਿਆਂ ਟਰੰਪ ਬੈਂਕਾਂ ਤੋਂ ਕਈ ਰਿਆਇਤਾਂ ਨਾਲ ਕਰਜ਼ੇ




ਹਾਸਲ ਕਰਨ ਦੇ ਯੋਗ, ਜਦ ਕਿ ਅਸਲ ਵਿੱਚ ਅਜਿਹ ਨਹੀਂ ਸੀ। ਟਰੰਪ ‘ਤੇ ਤਿੰਨ ਸਾਲ ਤੱਕ ਨਿਊਯਾਰਕ ‘ਚ ਕਿਸੇ ਵੀ ਦਫਤਰ ‘ਚ ਅਧਿਕਾਰੀ ਜਾਂ ਡਾਇਰੈਕਟਰ ਦੇ ਤੌਰ ‘ਤੇ ਕੰਮ ਕਰਨ ‘ਤੇ ਵੀ ਪਾਬੰਦੀ ਲਗਾਈ ਗਈ ਹੈ।

# ਟਰੰਪ ਦੇ ਮੁਕਾਬਲੇ ’ਚ ਬਾਇਡਨ ਵਧੇਰੇ ਤਜਰਬੇਕਾਰ: ਪੂਤਿਨ

ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੂੰ ਡੋਨਲਡ ਟਰੰਪ ਤੋਂ ਵਧੇਰੇ ਤਜਰ-ਬੇਕਾਰ ਦੱਸਦਿਆਂ ਕਿਹਾ ਕਿ ਉਹ ਬਾਇਡਨ ਨੂੰ ਦੂਜਾ ਕਾਰਜਕਾਲ ਜਿੱਤਦਾ ਦੇਖਣਾ ਪਸੰਦ ਕਰਨਗੇ।

ਰੂਸ ਦੇ ਸਰਕਾਰੀ ਟੀਵੀ ਨਾਲ ਇੰਟਰਵਿਊ ’ਚ ਪੂਤਿਨ ਨੇ ਕਿਹਾ ਕਿ ਉਹ ਅਮਰੀਕਾ ’ਚ ਚੁਣੇ ਜਾਣ ਵਾਲੇ ਕਿਸੇ ਵੀ ਰਾਸ਼ਟਰਪਤੀ ਨਾਲ ਕੰਮ ਕਰਨਗੇ। ਪਰ ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਰੂਸ ਦੀ ਨਜ਼ਰ ’ਚ ਬਿਹਤਰ ਬਦਲ ਕੌਣ ਹੋਵੇਗਾ ਤਾਂ ਉਨ੍ਹਾਂ ਸਪੱਸ਼ਟ ਤੌਰ ’ਤੇ ਕਿਹਾ ਕਿ ਉਹ ਚਾਹੁਣਗੇ ਕਿ ਬਾਇਡਨ ਜਿੱਤਣ। ‘ਬਾਇਡਨ ਵਧੇਰੇ ਤਜਰਬੇਕਾਰ ਹਨ ਅਤੇ ਉਨ੍ਹਾਂ ਦੇ ਫ਼ੈਸਲਿਆਂ ਨੂੰ ਲੈ ਕੇ ਅੰਦਾਜ਼ਾ ਲਾਇਆ ਜਾ ਸਕਦਾ ਹੈ



ਕਿ ਉਹ ਪੁਰਾਣੇ ਜ਼ਮਾਨੇ ਦੇ ਹੰਢੇ ਹੋਏ ਆਗੂ ਹਨ ਪਰ ਅਸੀਂ ਕਿਸੇ ਵੀ ਅਮਰੀਕੀ ਆਗੂ ਨਾਲ ਕੰਮ ਕਰਾਂਗੇ, ਅਜਿਹਾ ਆਗੂ ਜਿਸ ’ਤੇ ਅਮਰੀਕੀ ਲੋਕ ਭਰੋਸਾ ਕਰਦੇ ਹੋਣ।’ ਬਾਇਡਨ ਦੀ ਸਿਹਤ ਨਾਲ ਸਬੰਧਤ ਮੁੱਦਿਆਂ ਬਾਰੇ ਪੁੱਛੇ ਜਾਣ ’ਤੇ ਪੂਤਿਨ ਨੇ ਜਵਾਬ ਦਿੱਤਾ,‘‘ਮੈਂ ਡਾਕਟਰ ਨਹੀਂ ਹਾਂ ਅਤੇ ਮੈਂ ਇਸ ’ਤੇ ਟਿੱਪਣੀ ਕਰਨਾ ਠੀਕ ਨਹੀਂ ਸਮਝਦਾ ਹਾਂ।’’ਯੂਕਰੇਨ ਜੰਗ ਬਾਰੇ ਪੂਤਿਨ ਨੇ ਕਿਹਾ ਕਿ ਵੱਖ ਹੋਏ ਇਲਾਕਿਆਂ ਨੂੰ ਵਧੇਰੇ ਤਾਕਤਾਂ ਦੇਣ ਸਬੰਧੀ 2015 ਦਾ ਸਮਝੌਤਾ ਲਾਗੂ ਕਰਨ ਤੋਂ ਇਨਕਾਰ ਕਰਨ ’ਤੇ ਉਨ੍ਹਾਂ ਨੂੰ ਕਾਰਵਾਈ ਕਰਨ ਲਈ ਮਜਬੂਰ ਹੋਣਾ ਪਿਆ ਹੈ ਅਤੇ ਉਹ ਜੰਗ ਨਹੀਂ ਛੇੜਨਾ ਚਾਹੁੰਦੇ ਸਨ।

# ਲੋਕ ਸਭਾ ਚੋਣਾਂ 2024 ਲਈ 'ਸਟੇਟ ਆਈਕੋਨ' ਬਣੇ ਸ਼ੁਭਮਨ ਗਿੱਲ, ਤਰਸੇਮ ਜੱਸੜ ਕਰਨਗੇ ਵੋਟਾਂ ਦਾ ਪ੍ਰਚਾਰ

ਚੰਡੀਗੜ੍ਹ : ਜਲਦ ਹੀ ਲੋਕ ਸਭਾ ਚੋਣਾਂ ਹੋਣ ਵਾਲੀਆਂ ਹਨ। ਇਸੇ ਤਹਿਤ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਨੇ ਭਾਰਤੀ ਕ੍ਰਿਕਟਰ ਸ਼ੁਭਮਨ ਗਿੱਲ ਨੂੰ 'ਸਟੇਟ ਆਈਕਨ' ਵਜੋਂ ਨਾਮਜ਼ਦ ਕੀਤਾ ਹੈ। ਇਸ ਸਬੰਧੀ ਮੁੱਖ ਚੋਣ ਅਫ਼ਸਰ ਸਿਬਿਨ ਸੀ ਨੇ ਦੱਸਿਆ ਕਿ ਸ਼ੁਭਮਨ ਗਿੱਲ, ਜੋ ਕਿ ਕ੍ਰਿਕਟ ਪ੍ਰੇਮੀਆਂ ਖਾਸ ਕਰਕੇ ਨੌਜਵਾਨਾਂ ਵਿੱਚ ਹਰਮਨਪਿਆਰੇ ਹਨ, ਨੂੰ 'ਸਟੇਟ ਆਈਕਨ' ਵਜੋਂ ਨਿਯੁਕਤ ਕੀਤਾ ਗਿਆ ਹੈ ਅਤੇ ਉਹ ਆਉਣ



ਵਾਲੀਆਂ 2024 ਲੋਕ ਸਭਾ ਚੋਣਾਂ ਦੌਰਾਨ 70 ਫੀਸਦੀ ਤੋਂ ਵੱਧ ਵੋਟਾਂ ਹਾਸਲ ਕਰਨ ਵਿੱਚ ਮਦਦ ਕਰਨਗੇ। ਉਨ੍ਹਾਂ ਦੱਸਿਆ ਕਿ ਸ਼ੁਭਮਨ ਗਿੱਲ ਵੋਟਰ ਜਾਗਰੂਕਤਾ ਦੇ ਉਦੇਸ਼ ਨਾਲ ਵੱਖ-ਵੱਖ ਮੁਹਿੰਮਾਂ ਵਿੱਚ ਸ਼ਾਮਲ ਹੋਣਗੇ ਤਾਂ ਜੋ "ਇਸ ਵਾਰ 70 ਪਾਰ" ਦੇ ਟੀਚੇ ਦੀ ਪ੍ਰਾਪਤੀ ਨੂੰ ਯਕੀਨੀ ਬਣਾਇਆ ਜਾ ਸਕੇ। ਦੱਸ ਦੇਈਏ ਕਿ ਇਸ ਤੋਂ ਪਹਿਲਾਂ ਪ੍ਰਸਿੱਧ ਪੰਜਾਬੀ ਗਾਇਕ ਤਰਸੇਮ ਜੱਸੜ ਵੀ 'ਸਟੇਟ ਆਈਕਨ' ਬਣ ਚੁੱਕੇ ਹਨ। ਸਿਬਿਨ ਸੀ ਨੇ ਅੱਗੇ ਦੱਸਿਆ ਕਿ



ਪਿਛਲੇ ਸ਼ੁੱਕਰਵਾਰ ਨੂੰ ਪੰਜਾਬ ਦੇ ਸਾਰੇ ਡਿਪਟੀ ਕਮਿਸ਼ਨਰਾਂ ਨਾਲ ਮੀਟਿੰਗ ਕਰਕੇ ਉਨ੍ਹਾਂ ਨੂੰ ਅਜਿਹੇ ਖੇਤਰਾਂ ਦੀ ਸ਼ਨਾਖਤ ਕਰਨ ਲਈ ਕਿਹਾ ਗਿਆ ਸੀ ਜਿੱਥੇ ਪਿਛਲੀਆਂ ਚੋਣਾਂ ਦੌਰਾਨ ਵੋਟ ਪ੍ਰਤੀਸ਼ਤ ਘੱਟ ਸੀ। ਉਨ੍ਹਾਂ ਕਿਹਾ ਕਿ ਅਜਿਹੇ ਖੇਤਰਾਂ ਵਿੱਚ ਸ਼ੁਭਮਨ ਗਿੱਲ ਅਤੇ ਤਰਸੇਮ ਜੱਸੜ ਵੱਲੋਂ ਕੀਤੀਆਂ ਜਾ ਰਹੀਆਂ ਜਾਗਰੂਕਤਾ ਮੁਹਿੰਮਾਂ ਅਤੇ ਅਪੀਲਾਂ ਵੋਟਰਾਂ ਨੂੰ ਪ੍ਰੇਰਿਤ ਕਰਨਗੀਆਂ, ਵੋਟਰਾਂ ਦੀ ਗਿਣਤੀ ਵਿੱਚ ਵਾਧਾ ਹੋਵੇਗਾ।

## ਈਰਾਨ 'ਚ ਇਕ ਵਿਅਕਤੀ ਨੇ ਅਪਣੇ 12 ਰਿਸ਼ਤੇਦਾਰਾਂ ਦਾ ਕਤਲ ਕੀਤਾ

ਤਹਿਰਾਨ: ਈਰਾਨ ਦੇ ਦੱਖਣ-ਪੂਰਬੀ ਇਲਾਕੇ 'ਚ ਸਨਿਚਰਵਾਰ ਨੂੰ ਇਕ ਵਿਅਕਤੀ ਨੇ 12 ਰਿਸ਼ਤੇਦਾਰਾਂ ਦਾ ਗੋਲੀ ਮਾਰ ਕੇ ਕਤਲ ਕਰ ਦਿਤਾ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿਤੀ।

ਕਰਮਨ ਸੂਬੇ ਦੇ ਨਿਆਂ ਵਿਭਾਗ ਦੇ ਮੁਖੀ ਇਬਰਾਹਿਮ ਹਮੀਦੀ ਨੇ ਅਰਧ ਸਰਕਾਰੀ ਸਮਾਚਾਰ ਏਜੰਸੀ ਆਈ.ਐਸ.ਐਨ.ਏ. ਨੂੰ ਦਸਿਆ ਕਿ ਬੰਦੂਕਧਾਰੀ ਨੇ ਪਰਵਾਰਕ ਝਗੜੇ ਕਾਰਨ ਸਵੇਰੇ ਇਕ ਪਿੰਡ ਵਿਚ ਉਸ ਦੇ ਪਿਤਾ, ਭਰਾ ਅਤੇ ਹੋਰ ਰਿਸ਼ਤੇਦਾਰਾਂ 'ਤੇ ਗੋਲੀਆਂ ਚਲਾਈਆਂ। ਹਮਲਾਵਰ (30) ਦੀ ਪਛਾਣ ਨਹੀਂ ਹੋ ਸਕੀ ਹੈ ਅਤੇ ਸ਼ੱਕ ਹੈ ਕਿ ਉਸ ਨੇ ਕਲਾਸ਼ਨਿਕੋਵ ਰਾਈਫਲ ਦੀ ਵਰਤੋਂ ਕੀਤੀ ਸੀ।

ਈਰਾਨ ਵਿਚ ਸਥਾਨਕ ਮੀਡੀਆ ਕਈ ਵਾਰ ਪੇਂਡੂ ਖੇਤਰਾਂ ਵਿਚ ਗੋਲੀਬਾਰੀ ਦੀਆਂ ਅਜਿਹੀਆਂ ਘਟਨਾਵਾਂ ਦੀ ਰੀਪੋਰਟ ਕਰਦਾ ਹੈ, ਪਰ ਮਰਨ ਵਾਲਿਆਂ ਦੀ ਗਿਣਤੀ ਸੱਭ ਤੋਂ ਵੱਧ ਹੈ। ਈਰਾਨ ਦੇ ਪੇਂਡੂ ਖੇਤਰਾਂ 'ਚ ਨਾਗਰਿਕਾਂ ਨੂੰ ਕਾਨੂੰਨੀ ਤੌਰ 'ਤੇ ਸਿਰਫ ਰਾਈਫਲਾਂ ਨਾਲ ਸ਼ਿਕਾਰ ਕਰਨ ਦੀ ਇਜਾਜ਼ਤ ਹੈ।

## ਪੀਟੀਆਈ ਵੱਲੋਂ ਸੀਈਸੀ ਤੇ ਚੀਫ਼ ਜਸਟਿਸ ਦੇ ਅਸਤੀਫ਼ੇ ਦੀ ਮੰਗ

ਇਸਲਾਮਾਬਾਦ- ਜੇਲ੍ਹ ਵਿਚ ਬੰਦ ਸਾਬਕਾ ਵਜ਼ੀਰੇ ਆਜ਼ਮ ਇਮਰਾਨ ਖ਼ਾਨ ਨੇ ਰਾਵਲਪਿੰਡੀ ਦੇ ਸਾਬਕਾ ਕਮਿਸ਼ਨਰ ਵੱਲੋਂ ਲਾਏ ਦੋਸ਼ਾਂ ਮਗਰੋਂ ਮੁੱਖ ਚੋਣ ਕਮਿਸ਼ਨਰ ਤੇ ਪਾਕਿ-ਸਤਾਨ ਦੇ ਚੀਫ਼ ਜਸਟਿਸ ਦੇ



ਅਸਤੀਫੇ ਦੀ ਮੰਗ ਕੀਤੀ ਹੈ। ਸੀਨੀਅਰ ਅਫ਼ਸਰਸ਼ਾਹ ਲਿਆਕਤ ਅਲੀ ਚੱਠਾ ਨੇ ਚੋਣਾਂ ਦੀ ਹੇਰਾਫੇਰੀ ਵਿਚ ਸਿਖਰਲੀ ਚੋਣ ਸੰਸਥਾ ਤੇ ਨਿਆਂਪਾਲਿਕਾ ਦੀ ਸ਼ਮੂਲੀਅਤ ਦਾ ਦਾਅਵਾ ਕੀਤਾ ਸੀ। ਉਧਰ ਪਾਕਿ-ਸਤਾਨ ਦੇ ਚੋਣ ਕਮਿਸ਼ਨ (ਈਸੀਪੀ) ਨੇ ਚੱਠਾ ਵੱਲੋਂ ਲਾਏ ਸਨਸਨੀਖੇਜ਼ ਦੋਸ਼ਾਂ ਦੀ ਜਾਂਚ ਲਈ ਉੱਚ ਪੱਧਰੀ ਕਮੇਟੀ ਬਣਾ ਦਿੱਤੀ ਹੈ। ਕਮੇਟੀ ਸਬੰਧਤ ਜ਼ਿਲ੍ਹਿਆਂ ਦੇ ਰਿਟਰਨਿੰਗ ਅਧਿਕਾਰੀਆਂ ਦੇ ਬਿਆਨ ਦਰਜ ਕਰਨ ਮਗਰੋਂ ਤਿੰਨ ਦਿਨਾਂ ਅੰਦਰ ਆਪਣੀ ਰਿਪੋਰਟ ਈਸੀਪੀ ਨੂੰ ਸੌਂਪੇਗੀ।

ਰਾਵਲਪਿੰਡੀ ਦੇ ਸਾਬਕਾ ਕਮਿਸ਼ਨਰ ਲਿਆਕਤ ਅਲੀ ਚੱਠਾ ਨੇ ਸ਼ਨਿਚਰਵਾਰ ਨੂੰ ਦਾਅਵਾ ਕੀਤਾ ਸੀ ਕਿ 8 ਫਰਵਰੀ ਨੂੰ ਹੋਈਆਂ ਚੋਣਾਂ ਦੌਰਾਨ ਸ਼ਹਿਰਾਂ ਵਿਚ ਜਿਹੜੇ ਉਮੀਦਵਾਰ ਹਾਰ ਰਹੇ ਸਨ, ਉਨ੍ਹਾਂ ਨੂੰ ਜਿਤਾਇਆ ਗਿਆ। ਉਨ੍ਹਾਂ ਦਾਅਵਾ ਕੀਤਾ ਕਿ ਰਾਵਲਪਿੰਡੀ ਦੇ ਘੱਟੋ-ਘੱਟ 13 ਉਮੀਦਵਾਰਾਂ ਨੂੰ ਧੱਕੇ ਨਾਲ ਜੇਤੂ ਐਲਾਨਿਆ ਗਿਆ। ਚੱਠਾ ਨੇ ਚੋਣ ਨਤੀਜਿਆਂ ਵਿਚ ਹੋਏ ਜੋੜ-ਤੋੜ ਦੀ ਜ਼ਿੰਮੇਵਾਰੀ ਕਬੂਲਦਿਆਂ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਇਮਰਾਨ ਖ਼ਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀਟੀਆਈ) ਦੇ ਤਰਜਮਾਨ ਨੇ ਕਿਹਾ ਕਿ ਰਾਵਪਿੰਡੀ ਦੇ ਕਮਿਸ਼ਨਰ ਵੱਲੋਂ ਕੀਤੇ ਖੁਲਾਸਿਆਂ ਮਗਰੋਂ ਮੁੱਖ ਚੋਣ ਕਮਿਸ਼ਨਰ ਸਿਕੰਦਰ ਸੁਲਤਾਲ ਰਾਜਾ ਤੇ ਚੀਫ਼ ਜਸਟਿਸ ਕਾਜ਼ੀ ਫੈਜ਼ ਈਸਾ ਆਪਣੇ ਅਸਤੀਫ਼ੇ ਦੇਣ। ਉਨ੍ਹਾਂ ਕਿਹਾ ਕਿ ਚੱਠਾ ਦਾ ਇਕਬ-ਾਲ ਪੀਟੀਆਈ ਦੇ ਉਸ ਦਾਅਵੇ ਦੀ ਤਾਈਦ ਕਰਦਾ ਹੈ ਕਿ ਕਿਵੇਂ ਰਾਤ ਦੇ ਹਨੇਰੇ ਵਿੱਚ ਲੋਕਾਂ ਦੇ ਫ਼ਤਵੇ 'ਤੇ ਡਾਕਾ ਮਾਰਿਆ ਗਿਆ ਤੇ ਇਸ ਨੇ ਚੋਣ ਹੇਰਾਫੇਰੀ 'ਚ ਸ਼ਾਮਲ ਅਸਲ ਕਿਰਦਾਰਾਂ ਤੋਂ ਪਰਦਾ ਚੁੱਕ ਦਿੱਤਾ ਹੈ। ਤਰਜਮਾਨ ਨੇ ਮੰਗ ਕੀਤੀ ਕਿ ਚੋਣ ਨਿਗਰਾਨ ਕੌਮੀ ਅਸੈਂਬਲੀ ਵਿਚ ਪੀਟੀਆਈ ਦੀਆਂ 86 ਸੀਟਾਂ ਵਾਪਸ ਕਰੇ, ਜਿਨ੍ਹਾਂ 'ਤੇ ਡਾਕਾ ਮਾਰਿਆ ਗਿਆ ਹੈ। ਪਾਰਟੀ ਬੁਲ-ਾਰੇ ਨੇ ਇਹ ਮੰਗ ਵੀ ਕੀਤੀ ਕਿ ਲੋਕ ਫ਼ਤਵੇ 'ਤੇ ਡਾਕਾ ਮਾਰਨ ਵਾਲਿਆਂ ਨੂੰ ਸੰਵਿਧਾਨ ਤੇ ਕਾਨੂੰਨ ਤਹਿਤ ਸਜ਼ਾਵਾਂ ਦਿੱਤੀਆਂ ਜਾਣ। ਇਸ ਦੌਰਾਨ ਪਾਕਿਸਤਾਨ ਪੀਪਲਜ਼ ਪਾਰਟੀ (ਪੀਪੀਪੀ) ਨੇ ਵੀ ਚੱਠਾ ਵੱਲੋਂ ਲਾਏ ਦੋਸ਼ਾਂ ਦੀ ਜਾਂਚ ਕੀਤੇ ਜਾਣ ਦੀ ਮੰਗ ਕੀਤੀ ਹੈ ਜਦੋਂਕਿ ਪਾਕਿਸਤਾਨ ਮੁਸਲਿਮ ਲੀਗ ਨਵਾਜ਼(ਪੀਐੱਮਐੱਲ-ਐੱਨ) ਨੇ ਚੱਠਾ ਦੇ ਦਿਮਾਗੀ ਤਵਾਜ਼ਨ ਨੂੰ ਲੈ ਸਵਾਲ ਉਠਾਏ ਹਨ। ਇਸ ਦੌਰਾਨ ਈਸੀਪੀ ਨੇ ਸੀਨੀਅਰ ਅਫ਼ਸਰਸ਼ਾਹ ਵੱਲੋਂ ਲਾਏ ਸਨਸਨੀਖੇਜ਼ ਦੋਸ਼ਾਂ ਦੀ ਜਾਂਚ ਲਈ ਉੱਚ ਪੱਧਰੀ ਕਮੇਟੀ ਬਣਾ ਦਿੱਤੀ ਹੈ। ਕਮਿਸ਼ਨ ਨੇ ਹੰਗਾਮੀ ਮੀਟਿੰਗ ਕਰਕੇ ਕਮਿਸ਼ਨਰ 'ਤੇ ਲੱਗੇ ਦੋਸ਼ਾਂ ਬਾਰੇ ਚਰਚਾ ਕੀਤੀ ਤੇ ਜਾਂਚ ਲਈ ਉੱਚ ਪੱਧਰੀ ਕਮੇਟੀ ਬਣਾ ਦਿੱਤੀ।

## ਥਾਈਲੈਂਡ ਦੇ ਸਾਬਕਾ ਪ੍ਰਧਾਨ ਮੰਤਰੀ ਥਾਕਸਿਨ ਪੈਰੋਲ 'ਤੇ ਰਿਹਾਅ

ਬੈਂਕਾਕ- ਥਾਈਲੈਂਡ ਦੇ ਸਾਬਕਾ ਪ੍ਰਧਾਨ ਮੰਤਰੀ ਥਾਕਸਿਨ ਸ਼ਿਨਾਵਾਤਰਾ ਨੂੰ ਅੱਜ ਤੜਕੇ ਬੈਂਕਾਕ ਦੇ ਇੱਕ ਹਸਪਤਾਲ ਤੋਂ ਪੈਰੋਲ 'ਤੇ ਰਿਹਾਅ ਕਰ ਦਿੱਤਾ ਗਿਆ ਜਿੱਥੇ ਉਨ੍ਹਾਂ ਨੇ ਭ੍ਰਿਸ਼ਟਾਚਾਰ ਨਾਲ ਸਬੰਧਿਤ ਅਪਰਾਧਾਂ ਲਈ ਛੇ ਮਹੀਨੇ ਦੀ ਸਜ਼ਾ ਪੂਰੀ ਕੀਤੀ। ਥਾਕਸਿਨ ਨੂੰ ਸੂਰਜ ਚੜ੍ਹਨ ਤੋਂ ਠੀਕ ਪਹਿਲਾ ਪੁਲੀਸ ਜਨਰਲ ਹਸਪਤਾਲ ਤੋਂ ਨਿਕਲਣ ਵਾਲੇ ਕਾਰਾਂ ਦੇ ਕਾਫ਼ਲੇ ਵਿੱਚ ਦੇਖਿਆ ਗਿਆ। ਸ਼ਿਨਾਵਾਤਰਾ ਇੱਕ ਘੰਟੇ ਤੋਂ ਘੱਟ ਸਮੇਂ 'ਚ ਪੱਛਮੀ ਬੈਂਕਾਕ ਸਥਿਤ ਆਪਣੀ ਰਿਹਾਇਸ਼ 'ਤੇ ਪਹੁੰਚੇ। ਉਨ੍ਹਾਂ ਦੇ ਘਰ ਅੱਗੇ 'ਘਰ ਵਿੱਚ ਸਵਾਗਤ ਹੈ' ਅਤੇ 'ਇਸ ਦਿਨ ਦੀ ਸਾਨੂੰ ਕਦੋਂ ਤੋਂ ਉਡੀਕ ਸੀ' ਵਰਗੇ ਬੈਨਰ ਲੱਗੇ ਹੋਏ ਸੀ। ਥਾਕਸਿਨ ਨੇ 2001 ਵਿੱਚ ਸੱਤਾ ਸੰਭਾਲੀ ਸੀ ਪਰ 2006 ਵਿੱਚ ਰਾਜ ਪਲਟਾ ਕਰਕੇ ਉਨ੍ਹਾਂ ਨੂੰ ਸੱਤਾ ਤੋਂ ਬਾਹਰ ਕਰ ਦਿੱਤਾ ਗਿਆ ਸੀ। ਇਸ ਮਗਰੋਂ ਥਾਕਸਿਨ ਨੂੰ ਅਹੁਦੇ 'ਤੇ ਰਹਿੰਦਿਆਂ ਸੱਤਾ ਦੀ ਦੁਰਵਰਤੋਂ ਅਤੇ ਹੋਰ ਅਪਰਾਧਾਂ ਦਾ ਦੋਸ਼ੀ ਠਹਿਰਾਇਆ ਗਿਆ ਸੀ।

## ਪੁਲਿਸ ਨੇ ਕਿਸਾਨਾਂ 'ਤੇ ਚਲਾਈ ਪੈਲੇਟ ਗੰਨ, 3 ਕਿਸਾਨਾਂ ਦੀਆਂ ਅੱਖਾਂ ਦੀ ਰੌਸ਼ਨੀ ਚਲੀ ਗਈ'



ਹਰਿਆਣਾ ਪੁਲਿਸ ਨੇ ਸ਼ੰਭੂ ਬਾਰਡਰ 'ਤੇ ਪ੍ਰਦਰਸ਼ਨ ਕਰ ਰਹੇ ਕਿਸਾਨਾਂ 'ਤੇ ਪੈਲੇਟ ਗੰਨ ਦੀ ਵਰਤੋਂ ਕੀਤੀ ਹੈ, ਜਿਸ ਕਾਰਨ ਤਿੰਨ ਕਿਸਾਨਾਂ ਦੀਆਂ ਅੱਖਾਂ ਦੀ ਰੌਸ਼ਨੀ ਚਲੀ ਗਈ ਹੈ।

ਸ਼ੰਭੂ ਬਾਰਡਰ 'ਤੇ ਪ੍ਰਦਰਸ਼ਨ ਕਰ ਰਹੇ ਤਿੰਨ ਕਿਸਾਨਾਂ ਦੀਆਂ ਅੱਖਾਂ ਦੀ ਰੌਸ਼ਨੀ ਚਲੀ ਗਈ ਹੈ। ਪੰਜਾਬ ਦੇ ਸਿਹਤ ਮੰਤਰੀ ਡਾ: ਬਲਬੀਰ ਸਿੰਘ ਨੇ ਗੱਲਬਾਤ ਕਰਦਿਆਂ ਦਾਅਵਾ ਕੀਤਾ ਹੈ ਕਿ ਹਰਿਆਣਾ ਪੁਲਿਸ ਨੇ ਨਾ ਸਿਰਫ ਪਾਣੀ ਦੀਆਂ ਤੋਪਾਂ ਅਤੇ ਅੱਥਰੂ ਗੈਸ ਦੇ ਗੋਲੇ ਵਰਤੇ, ਬਲਕਿ ਗੋਲੀਆਂ ਅਤੇ ਪੈਲੇਟ ਗੰਨਾਂ ਦੀ ਵੀ ਵਰਤੋਂ ਕੀਤੀ।

ਉਨ੍ਹਾਂ ਅੱਗੇ ਦੱਸਿਆ ਕਿ ਘੱਟੋ-ਘੱਟ ਤਿੰਨ ਕਿਸਾਨਾਂ ਦੀਆਂ ਅੱਖਾਂ ਦੀ ਰੌਸ਼ਨੀ ਚਲੀ ਗਈ ਹੈ। ਇਨ੍ਹਾਂ ਵਿੱਚੋਂ ਇੱਕ ਜੀਐਮਐਸਐਚ 32, ਚੰਡੀਗੜ੍ਹ ਵਿੱਚ ਹੈ ਅਤੇ ਦੋ ਨੂੰ ਰਾਜਿੰਦਰ ਹਸਪਤਾਲ, ਪਟਿਆਲਾ ਵਿੱਚ ਦਾਖਲ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿਅਕਤੀਆਂ ਦੀ ਜਾਂਚ ਕੀਤੀ ਗਈ ਤਾਂ ਉਨ੍ਹਾਂ ਦੀਆਂ ਅੱਖਾਂ ਨੂੰ ਬਚਾਇਆ ਨਹੀਂ ਜਾ ਸਕਿਆ।

# VACANCIES JSR CONTRACTS LTD.

**ਵੱਖ ਵੱਖ ਸ਼ਹਿਰਾਂ ਵਿੱਚ ਕੰਸਟਰਕਸ਼ਨ ਸਾਈਟ 'ਤੇ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ**

**CONSTRUCTION BUILDERS REQUIRED ON VARIOUS SITES IN UK**

**Job Type: 5319 Construction & building trades not elsewhere classified**

Job Description: In this role as an experienced builder, a diverse set of responsibilities during the job consists of 40 hours of dedicated work per week. These encompass a wide spectrum of construction tasks, including but not limited to concrete pouring, excavation, framing, roofing, demolition, scaffolding, and the creation of various structures using materials like stone, brick, and reinforced concrete. Additionally, the role may extend to actively participating in roadwork projects and steelwork, and there might be occasions to perform various trade-related duties. Proficiency in tasks such as blueprint interpretation and equipment operation is required. A firm commitment to adhering to safety protocols, effective collaboration with both colleagues and subcontractors, strict adherence to project timelines and quality standards, and clear and concise communication skills. This position is classified under SOC 5319 and holds a place on the Shortage Occupation List, signifying its vital importance within the construction industry. Annual pay is £26,500.

Person must have CSCS, CCDO, IPAF, Driving Licence, IPAF, SSSTS, Asbestos Awareness and Manual Handling.
Overseas candidates must do UK construction industry standard qualifications on arrival and before joining the job.

**Contact Mr. Randhawa via email below:**
**Email: jsrcontractslimited@gmail.com**






# ਪੰਜਾਬੀ ਸਿੱਖਣ ਲਈ ਕਿਤਾਬਾਂ

**ਜੀ ਸੀ ਐਸ ਈ ਦੀ ਤਿਆਰੀ ਲਈ ਬੱਚਿਆਂ ਨੂੰ ਤੋਹਫ਼ੇ GIFT ਵਜੋਂ ਇਹ ਕਿਤਾਬਾਂ ਦਿਓ ਤੇ ਪੰਜਾਬੀ ਨਾਲ ਜੋੜੋ**

ਜੇ ਤੁਹਾਡੇ ਬੱਚੇ ਜਾਂ ਤੁਸੀਂ ਪੰਜਾਬੀ ਪੜ੍ਹਨੀ ਲਿਖਣੀ ਸਿੱਖਣੀ ਚਾਹੁੰਦੇ ਹੋ, ਤਾਂ ਇਸ ਵਾਸਤੇ ਪੰਜਾਬ ਟਾਈਮਜ਼ ਵੱਲੋਂ 1 ਤੋਂ 4 ਲੈਵਲ ਤੱਕ ਚਾਰ ਪੁਸਤਕਾਂ ਸਿੱਖ ਸਕੂਲ ਡੈਂਟ ਕੌਮ, ਕੈਲੇਫੋਰਨੀਆ ਦੀ ਆਗਿਆ ਨਾਲ ਛਾਪੀਆਂ ਗਈਆਂ ਹਨ। ਇਹਨਾਂ (Work Books) ਦੀ ਮਦਦ ਨਾਲ ਤੁਸੀਂ ਆਸਾਨੀ ਨਾਲ ਬੱਚਿਆਂ ਨੂੰ ਪੰਜਾਬੀ ਸਿਖਾ ਸਕਦੇ ਹੋ ਇਹਨਾਂ ਪੁਸਤਕਾਂ ਨਾਲ ਅੰਗਰੇਜ਼ੀ ਰਾਹੀਂ ਪੰਜਾਬੀ ਸਿੱਖ ਸਕਦੇ ਹੋ ਪੁਸਤਕਾਂ ਦੀ ਕੀਮਤ ਕੇਵਲ ਲਾਗਤ ਮਾਤਰ ਹੀ ਰੱਖੀ ਗਈ ਹੈ। ਇਹ ਪੁਸਤਕਾਂ ਮੁਨਾਫ਼ਾ ਕਮਾਉਣ ਲਈ ਨਹੀਂ ਬਲਕਿ ਪੰਜਾਬੀ ਦੇ ਪ੍ਰਚਾਰ ਹਿੱਤ ਬਹੁਤ ਹੀ ਸਸਤੀਆਂ ਦਿੱਤੀਆਂ ਜਾ ਰਹੀਆਂ ਹਨ।




ਇਹ ਕਿਤਾਬ ਤੁਹਾਡੇ ਆਪਣੇ ਗੋਰੇ ਸਾਥੀਆਂ ਨੂੰ ਦੇਣ ਲਈ ਵੀ ਬਹੁਤ ਲਾਭਦਾਇਕ ਹੈ। ਜਿਸ ਤੋਂ ਤੁਸੀਂ ਅੰਗਰੇਜ਼ੀ ਤੋਂ ਪੰਜਾਬੀ ਅਤੇ ਪੰਜਾਬੀ ਤੋਂ ਅੰਗਰੇਜ਼ੀ ਬੜੇ ਆਸਾਨ ਤਰੀਕੇ ਨਾਲ ਸਿੱਖ ਸਕਦੇ ਹੋ

4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ
ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ਤੇ ਡਿਸਕਾਊਂਟ ਦਿੱਤੇ ਜਾਂ।

**ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ**

**Whats App (M) 07966 388388**

**PANJAB TIMES**
BRIDLE GATE LANE, ALVASTON, DERBY, DE24 0QW, U.K.
Email: panjabtimes@gmail.com,
www.panjabtimes.co.uk TEL: 01332 372 851
www.fb.com/punjabtimesuk



# ਗੁਰੂ ਅਮਰਦਾਸ ਗੁਰਦੁਆਰਾ ਲੈਸਟਰ ਵਿਖੇ ਦੋ ਧਾਰਮਿਕ ਸੇਵਾਦਾਰਾਂ ਦੀ ਤੁਰੰਤ ਲੋੜ ਹੈ

ਇਸ ਗੁਰਦੁਆਰਾ ਸਾਹਿਬ ਲੈਸਟਰ ਵਿਖੇ ਦੋ ਧਾਰਮਿਕ ਸੇਵਾਦਾਰਾਂ ਇੱਕ ਕੀਰਤਨ ਕਰਨ ਵਾਲਾ ਅਤੇ ਇਕ ਤਬਲਾ ਵਾਦਕ (ਜੋੜੀ ਵਾਲੇ ਸਿੰਘ) ਦੀ ਤੁਰੰਤ ਲੋੜ ਹੈ। ਉਹਨਾਂ ਦੀ ਡਿਊਟੀ ਵਿੱਚ ਗੁਰਦੁਆਰਾ ਸਾਹਿਬ ਵਿਖੇ ਸਵੇਰੇ ਸ਼ਾਮ ਨਿੱਤਨੇਮ ਅਤੇ ਸੁਖਮਨੀ ਸਾਹਿਬ ਦਾ ਪਾਠ, ਕੀਰਤਨ ਕਰਨਾ, ਤਬਲਾ ਵਜਾਉਣਾ ਸ਼ਾਮਿਲ ਹੈ। ਇਕ ਸਾਲ ਲਈ ਸਵੇਰੇ ਸ਼ਾਮ ਫੁੱਲ ਟਾਈਮ ਕੰਮ, ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਮੁਤਾਬਕ ਵਧੀਆ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ ਹੈ।
ਸ਼ਰਤਾਂ :- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁੱਧ ਪਾਠ, ਕੀਰਤਨੀ ਜਥਾ ਕੀਰਤਨ ਕਰਨ ਦੇ ਯੋਗ ਹੋਵੇ ਅਤੇ ਉਮੀਦਵਾਰ ਧਾਰਮਿਕ ਕਾਰਜਾਂ ਸਬੰਧੀ ਹੋਰ ਡਿਊਟੀਆਂ ਵੀ ਕਰ ਸਕਦੇ ਹੋਣ। ਪੰਜਾਬੀ ਜ਼ਰੂਰ ਪੜ੍ਹ ਅਤੇ ਬੋਲ ਸਕਦੇ ਹੋਣ। ਗੁਰਦੁਆਰਾ ਸਾਹਿਬ ਵਿੱਚ ਕੀਤੀ ਸੇਵਾ ਦਾ ਤਜਰਬਾ ਹੋਣਾ ਜ਼ਰੂਰੀ ਹੈ।
ਨੋਟ:- ਉਮੀਦਵਾਰਾਂ ਕੋਲ ਯੂ ਕੇ ਵਿੱਚ ਕੰਮ ਕਰਨ ਦੀ ਇਜਾਜ਼ਤ ਹੋਣੀ ਜ਼ਰੂਰੀ ਹੈ।
ਬੰਦ ਹੋਣ ਦੀ ਤਰੀਕ :- ਗਿਆਨਵਾਨ ਅਤੇ ਤਜਰਬੇਕਾਰ ਉਮੀਦਵਾਰ ਹੇਠਾਂ ਦਿੱਤੇ ਪਤੇ 'ਤੇ ਲਿਖਤੀ ਅਰਜ਼ੀਆਂ 8 ਮਾਰਚ 2024 ਤੋਂ ਪਹਿਲਾਂ ਭੇਜਣ ਦੀ ਕਿਰਪਾ ਕਰਨ।

## 2 Vacancies for (Tier - 5) Religious workers

**Main Duties:** Performing Nitnem, Sukhmani Sahib Paath, Kirtan (Hymn Singing), in Morning and Evening (full time work). One must be able to play Tabla (drums), acompany to Kirtani Singh.
**Location:** Leicester
**Duration & Remuneration:** 12 months. Attractive Salary will be according to UK employment Law. Job related accomodation shall be provided.
**Requirenments:** Should be able to perform Kirtan and carry out other religious activities as listed in main duties. Must read and speak Punjabi. Must have sufficient experience. Work reference required from previous employer. They must have right to work in U.K.
Candidates with knowledge and experience Please apply with 'cv' to Guru Amardas Gurdwara on address given below or contact:
President Shamsher Singh Bains: + 44 (0) 7425 130077
General Sec. : Sukhdev Singh Sangha: +44 (0) 7443 469672
Email: devsangha@hotmail.com
*Closing Date: 8th March 2024*

**GURU AMARDAS GURDWARA LEICESTER**
219 CLARENDON PARK ROAD, LEICESTER, LE2 3AN, U.K.

# ਡੇਰਾਵਾਦ ,ਭ੍ਰਿਸ਼ਟ ਵਿਵਸਥਾ ਤੇ ਐਸ਼ ਪ੍ਰਸਤ ਰਹੇ ਪੰਜਾਬ ਦੇ ਮੁੱਖੀਆਂ ਤੇ ਬਣੀ ਏ ਮੇਰੀ ਫ਼ਿਲਮ "ਤਬਾਹੀ ੨" _ ਬਲਬੀਰ ਟਾਂਡਾ

ਗੱਲ " ਵੈਰੀ " ਪੰਜਾਬੀ ਫ਼ਿਲਮ ਦੇ ਬਣਨ ਵੇਲੇ ਦੀ ਹੈ ਤੇ ਤਦ ਸ਼ੰਕਰ ਨੇੜੇ ਪਿੰਡ ਲਿੱਤਰਾਂ ਤੋਂ ਗੀਤਕਾਰ ਤੇ ਐਕਟਰ ਸ਼ਿੰਦਾ ਲਿੱਤਰਾਂ ਵਾਲਾ ਆਉਂਦਾ ਹੁੰਦਾ ਸੀ ਤੇ ਸਵਰਗੀ ਆਰ ਐਸ ਰੰਗੀਲਾ ਨੇ ਬਲਬੀਰ ਟਾਂਡਾ ਨਾਲ ਸਕਾਈਲਾਰਕ ਹੋਟਲ ਜਲੰਧਰ ਮੁਲਾਕਾਤ ਕਰਵਾਈ ਸੀ।ਫਿਰ ਪਤਾ ਚਲਿਆ ਕਿ ਨਾਰਵੇ ਪਰਿਵਾਰ ਨਾਲ ਰਹਿੰਦੇ ਬਲਬੀਰ ਟਾਂਡਾ ਨੇ " ਵੈਰੀ " ਦਾ ਨਿਰਮਾਣ ਸ਼ੁਰੂ ਕੀਤਾ ਹੈ ।ਬਲਬੀਰ ਟਾਂਡਾ ਨੇ ਫਿਰ ਆਪਣਾ ਨਕੋਦਰ ਨੇੜੇ ਪਿੰਡ ਢੇਰੀਆਂ ਦਿਖਾਇਆ ਸੀ ਤੇ ਦੱਸਿਆ ਕੀ ਡੀ ਏ ਵੀ ਕਾਲਜ ਜਲੰਧਰ ਪੜ੍ਹਨ ਸਮੇਂ ਫ਼ਿਲਮਾਂ ਦੇਖਣ ਦਾ ਸ਼ੌਂਕ ਸੀ ਤੇ ਫ੍ਰੇਂਡ ਸਿਨਮੇ ਅਮਿਤਾਭ ਬੱਚਨ ਦੀ ਫ਼ਿਲਮ ," ਦੀਵਾਰ " ਦੇਖੀ ਤੇ ਸ਼ੌਂਕ ਐਕਟਿੰਗ ਦਾ ਪਿਆ ਤੇ ਚਲੇ ਗਏ ਮੁੰਬਈ ਤਦ ਬੰਬੇ ਬੰਬਈ ਸੀ। ਘਰ ਦੇ ਪੈਸੇ ਖਤਮ ਗੱਲ ਕਿੱਥੇ ਬਣੇ ਘਰ ਆ ਫ਼ਿਰ ਸ਼ੌਂਕ ਨੂੰ ਦਿਲ ਦੀ ਅਲਮਾਰੀ ਵਿੱਚ ਜ਼ਿੰਦਾ ਲਾ ਕਿ ਬੰਦ ਕਰ ਨਾਰਵੇ ਗਏ,ਜਵਾਨੀ ਸੀ ,ਸੋਹਣੇ ਸੀ ਤੇ ਨਾਰਵੇ ਦਾ ਹੁਸਨ ਲੁੱਟ ਲਿਆ ,ਰੈਸਟੋਰੈਂਟ ਲਿਆ ਤੇ ਭਰਾ ਵੀ ਸੈੱਟ ਹੋਏ ਤੇ ਫਿਰ ਅਲਮਾਰੀ ਖੋਹਲ ਫਿਲਮੀ ਸ਼ੌਂਕ ਬਾਹਰ ਕੱਢ ਬੰਬੇ ਆ ਕਿ ਬੂਟਾ ਸਿੰਘ ਸ਼ਾਦ ਨਾਲ ਮਿਲਣੀ ਕੀਤੀ।ਓਥੇ ਸ੍ਰੀ ਦੇਵੀ,ਧਰਮਿੰਦਰ ,ਰੇਖਾ ਨਾਲ ਚਾਹ ਪੀ ਟਾਂਡਾ ਖੁਸ਼ ਹੋਏ ਕਿ ਕਹਾਣੀ ਸ਼ੁਰੂ ਤੇ ਪੰਜਾਬ ਆ ਬੀ ਐਸ ਸ਼ਾਦ ਨੂੰ ਨਿਰਦੇਸ਼ਕ ਲਿਆ ਤੇ ਯੋਗਰਾਜ ਸਿੰਘ,ਗੁੱਗੂ ਗਿੱਲ ਰਵਿੰਦਰ ਮਾਨ ਨਾਲ " ਵੈਰੀ ," ਬਣਾਈ।ਫਿਰ " ਪਹਿਲਾ ਪਹਿਲਾ ਪਿਆਰ " ਸਮਗਲਰ " ਹਿੰਦੀ ਤੇ ਫਿਰ ਭੂਸ਼ਨ ਮਦਾਨ ਨਾਲ " ਧੀ ਜੱਟ ਦੀ " ਬਣਾਈ।ਘਾਟੇ ਵਾਧੇ ਚਲਦੇ ਰਹਿੰਦੇ ਨੇ ਪਰਵਾਹ ਨਾ ਕੀਤੀ ਤੇ ਫਿਰ ਦਿਲਜੀਤ ਦੋਸਾਂਝ ਨੂੰ ਹੀਰੋ ਲਿਆ "ਲਾਇਨ ਆਫ ਪੰਜਾਬ " ਬਣਾਈ।ਗੱਲ ਕਿ ਚੋਟੀ ਦੇ ਹਿੰਦੀ ਸਟਾਰ ,ਪੰਜਾਬੀ ਦੀਆਂ ਵੱਡੀਆਂ ਫ਼ਿਲਮਜ਼ ਨੇ ਬਲਬੀਰ ਟਾਂਡਾ ਦੇ ਸ਼ੌਂਕ ਚਾਅ ਪੂਰੇ ਕੀਤੇ।ਠੀਕ ਏ ਫ਼ਿਲਮ ਵਿਤਰਕ ਨਿਰਮਾਤਾ ਪੱਲੇ ਪੈਸੇ ਪਾਉਣ ਤਾਂ ਨਿਰਮਾਤਾ ਨਹੀਂ ਮਰਦਾ ਓਹ ਆਖਦੇ ਨੇ ਪਰ ਰੱਬ ਦਾ ਦਿੱਤਾ




ਬਹੁਤ ਹੁਣ ਬਲਬੀਰ ਟਾਂਡਾ ਦੀ ਫ਼ਿਲਮ " ਤਬਾਹੀ ਰਿਲੋਡ " ਆ ਰਹੀ ਹੈ।ਇਹ ਫ਼ਿਲਮ ਬਲਬੀਰ ਨੇ ਹੱਟ ਕਿ ਪੂਰੀ ਮਸਾਲਾ ਪਰ ਪੰਜਾਬ ਦੀ ਸੱਚਾਈ ਬਣਾ ਦਿੱਤੀ ਹੈ।ਇਸ ਫ਼ਿਲਮ ਨਾਲ ਓਹ ਰਾਜਨੀਤੀ ਵਿੱਚ ਚਰਚਿਤ ਨਿਰਮਾਤਾ ਹੋਊ ਜਿਵੇਂ " ਉੜਤਾ ਪੰਜਾਬ " ਵਾਲੇ ਹੋਏ ਸਨ।ਬਲਬੀਰ ਟਾਂਡਾ ਨੇ ਦੱਸਿਆ ਕਿ ਪੰਜਾਬ ਵਿੱਚ ਨਕਲੀ ਸਾਧਾਂ ਦੇ ਡੇਰੇ ,ਭ੍ਰਿਸ਼ਟ ਵਿਵਸਥਾ, ਨੇਤਾ ਕੀ ਪੰਜਾਬ ਦੇ ਮੁੱਖੀ ਕਿਵੇਂ ਸ਼ਰਾਬ ਸ਼ਬਾਬ ਤੇ ਕਬਾਬ ਵਿੱਚ ਲਹੂ ਨਿਚੋੜੀ ਗਏ ਦੱਸਿਆ ਹੈ।ਬਲਬੀਰ ਟਾਂਡਾ ਨੇ ਆਪਣੇ ਸਾਥੀ ਇਕਬਾਲ ਢਿੱਲੋਂ ਦੀ ਸਿਫਤ ਕੀਤੀ ਜਿਸ ਨੂੰ ਕੰਮ ਨਾਲ ਅਰਥ ਹੈ ਕਿਸੇ ਦੀ ਬੁਰਾਈ ਨਹੀਂ ਹਾਲਾਂ ਕਿ ਲੋਕ ਓਸ ਦੀ ਬੁਰਾਈ ਕਰਦੇ ਹਨ।ਬਲਬੀਰ ਟਾਂਡਾ ਨੇ ਨੇ ਰਵਿੰਦਰ ਮਾਨ ਨੂੰ ਨਾਇਕਾ ਬਣਾ ਦਿੱਤਾ ,ਦੀਪਕਾ ਸਿੰਘ ਹੀਰੋਇਨ ਬਣਾਈ ,ਦਿਲਜੀਤ ਦੋਸਾਂਝ ਲਈ ਫ਼ਿਲਮ ਕੀਤੀ ,ਪੂਜਾ ਟੰਡਨ ਨੂੰ ਲਿਆ ,ਕਿਸ਼ਨ ਸਾਹਨੀ ਨੂੰ ਮੌਕਾ ਦਿੱਤਾ ਤੇ ਆਪ ਓਹ ਸਦਾ ਪੰਜਾਬੀ ਸਿਨੇਮਾ ਦੇ ਹਿੱਤ ਲਈ ਸੋਚਦਾ ਹੈ,ਸਰਕਾਰ ਤੋਂ ਚੰਗੀ ਉਮੀਦ ਰੱਖਦਾ ਕਿ ਘੱਟ ਤੋ ਘੱਟ ਅਵਾਰਡ ਹੀ ਪ੍ਰਦਾਨ ਕਰੇ, ਬਲਬੀਰ ਟਾਂਡਾ ਫ਼ਿਲਮ ਵਿਤ੍ਰਕਾਂ ਨੂੰ ਨੇਕੀ ਤੇ ਈਮਾਨ ਬਣਾ ਨਿਰਮਾਤਾ ਜੀਵਤ ਕਰਨ ਲਈ ਕਹਿੰਦਾ ਹੈ ਤੇ " ਤਬਾਹੀ ਰਿਲੋਡ," ਕਰੇ ਬਲਬੀਰ ਟਾਂਡਾ ਦੇ ਅਧੂਰੇ ਰਹਿ ਗਏ ਸੁਪਨੇ ਆਰਥਿਕ ਤੇ ਮਾਨਸਿਕ ਤੌਰ ਤੇ ਪੂਰੇ ।ਯਾਰਾਂ ਦੇ ਯਾਰ ਬਲਬੀਰ ਟਾਂਡਾ ਦੇ ਸੁਨਹਿਰੀ ਫ਼ਿਲਮ ਭਵਿੱਖ ,ਸਿਹਤ ਤੇ ਪਰਿਵਾਰ ਲਈ ਸ਼ੁਭ ਕਾਮਨਾਵਾਂ।

ਪੇਸ਼ਕਸ਼ _ ਅੰਮ੍ਰਿਤ ਪਵਾਰ

# ਪੰਜਾਬ 'ਚ ਜ਼ਮੀਨ-ਜਾਇਦਾਦ ਦੀਆਂ ਰਜਿਸਟਰੀਆਂ ਤੋਂ ਆਮਦਨ ਵਿਚ 16 ਫੀਸਦੀ ਵਾਧਾ: ਜਿੰਪਾ

ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ 'ਚ ਜ਼ਮੀਨ-ਜਾਇਦਾਦ ਦੀਆਂ ਰਜਿਸਟਰੀਆਂ ਤੋਂ ਪੰਜਾਬ ਸਰਕਾਰ ਦੇ ਖ਼ਜ਼ਾਨੇ ਵਿਚ ਸਿਰਫ ਜਨਵਰੀ ਮਹੀਨੇ ਵਿਚ 16 ਫੀਸਦੀ ਤੋਂ ਜ਼ਿਆਦਾ ਆਮਦਨ ਆਈ ਹੈ। ਮਾਲ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਹੈ ਕਿ ਪੰਜਾਬ ਵਾਸੀਆਂ ਨੂੰ ਪਾਰਦਰਸ਼ੀ, ਖੱਜਲ-ਖੁਆਰੀ ਰਹਿਤ ਅਤੇ ਭ੍ਰਿਸ਼ਟਾਚਾਰ ਮੁਕਤ ਸੇਵਾਵਾਂ ਦੇਣਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦਾ ਮੁੱਖ ਟੀਚਾ ਹੈ ਅਤੇ ਇਸੇ ਸਦਕਾ ਸੂਬੇ ਦੀ ਆਮਦਨ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ।

ਵਿਸਥਾਰ ਵਿਚ ਜਾਣਕਾਰੀ ਦਿੰਦਿਆਂ ਜਿੰਪਾ ਨੇ ਕਿਹਾ ਕਿ ਜਨਵਰੀ 2024 ਵਿਚ ਸਟੈਂਪ ਅਤੇ ਰਜਿਸਟਰੇਸ਼ਨ ਅਧੀਨ ਪੰਜਾਬ ਸਰਕਾਰ ਨੂੰ 376.16 ਕਰੋੜ ਰੁਪਏ ਦੀ ਆਮਦਨ ਹੋਈ ਹੈ ਜੋ ਕਿ ਪਿਛਲੇ ਸਾਲ ਦੇ ਜਨਵਰੀ ਮਹੀਨੇ ਨਾਲੋਂ 16.83 ਫੀਸਦੀ ਜ਼ਿਆਦਾ ਹੈ। ਜਨਵਰੀ 2023 ਵਿਚ ਇਹ ਆਮਦਨ 321.96



ਕਰੋੜ ਰੁਪਏ ਸੀ।

ਜਿੰਪਾ ਨੇ ਕਿਹਾ ਕਿ ਸੂਬੇ ਦੀ ਆਮਦਨ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ ਅਤੇ ਸਟੈਂਪ ਤੇ ਰਜਿਸਟਰੇਸ਼ਨ ਤਹਿਤ ਇਕ ਵੱਡੀ ਰਕਮ ਸਰਕਾਰ ਦੇ ਖਜ਼ਾਨੇ ਵਿਚ ਆ ਰਹੀ ਹੈ। ਉਨ੍ਹਾਂ ਕਿਹਾ ਕਿ ਮਾਲ ਵਿਭਾਗ ਦੇ ਕੰਮ ਨੂੰ ਭ੍ਰਿਸ਼ਟਾਚਾਰ ਮੁਕਤ ਕਰਨ ਲਈ ਪੰਜਾਬ ਸਰਕਾਰ ਪਹਿਲੇ ਦਿਨ ਤੋਂ ਹੀ ਸਾਰਥਕ ਹੰਭਲੇ ਮਾਰ ਰਹੀ ਹੈ।

ਜਿੰਪਾ ਨੇ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਮਾਲ ਵਿਭਾਗ ਨਾਲ ਸਬੰਧਤ ਕਿਸੇ ਵੀ ਕੰਮ ਨੂੰ ਕਰਾਉਣ ਲਈ ਕਿਸੇ ਵੀ ਅਫਸਰ ਜਾਂ ਮੁਲਾਜ਼ਮ ਨੂੰ ਰਿਸ਼ਵਤ ਨਾ ਦਿੱਤੀ ਜਾਵੇ ਅਤੇ ਜੇਕਰ ਕ¯ਈ ਰਿਸ਼ਵਤ ਮੰਗਦਾ ਹੈ ਤਾਂ ਇਸ ਦੀ ਰਿਪ¯ਰਟ ਤੁਰੰਤ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਭ੍ਰਿਸ਼ਟ ਅਫਸਰਾਂ ਤੇ ਮੁਲਾਜ਼ਮਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆਂ ਨਹੀਂ ਜਾਵੇਗਾ।

ਇਸ ਤੋਂ ਇਲਾਵਾ ਮਾਲ ਵਿਭਾਗ ਦੇ ਕੰਮਕਾਜ ਸਬੰਧੀ ਸ਼ਿਕਾਇਤ ਹੈਲਪਲਾਈਨ ਨੰਬਰ 8184900002 'ਤੇ ਵੀ ਦਰਜ ਕੀਤੀ ਜਾ ਸਕਦੀ ਹੈ। ਪ੍ਰਵਾਸੀ ਭਾਰਤੀ ਆਪਣੀ ਲਿਖਤੀ ਸ਼ਿਕਾਇਤ 9464100168 'ਤੇ ਦਰਜ ਕਰਵਾ ਸਕਦੇ ਹਨ।

# ਚੀਫ਼ ਖ਼ਾਲਸਾ ਦੀਵਾਨ ਦੇ ਮੁੜ ਪ੍ਰਧਾਨ ਬਣੇ ਡਾ. ਇੰਦਰਬੀਰ ਸਿੰਘ ਨਿੱਜਰ

ਅੰਮ੍ਰਿਤਸਰ : ਡਾ. ਇੰਦਰਬੀਰ ਸਿੰਘ ਨਿੱਜਰ ਚੀਫ਼ ਖ਼ਾਲਸਾ ਦੀਵਾਨ ਦੇ ਮੁੜ ਪ੍ਰਧਾਨ ਬਣ ਗਏ ਹਨ। ਉਨ੍ਹਾਂ ਦੇ ਮੁਕਾਬਲੇ ਵਿਚ ਖੜ੍ਹੇ ਸੁਰਿੰਦਰ ਜੀਤ ਸਿੰਘ ਪਾਲ ਦੇ ਧੜੇ ਨਾਲ ਸਬੰਧਤ ਰਮਣੀਕ ਸਿੰਘ ਆਨਰੇਰੀ ਸਕੱਤਰ ਦੇ ਅਹੁਦੇ ਤੇ ਜੇਤੂ ਰਹੇ। ਕੁੱਲ 491 ਵੋਟਾਂ ਵਿੱਚੋਂ 399 ਵੋਟਾਂ ਪੋਲ ਹੋਈਆਂ ।




ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਵੋਟਿੰਗ ਰਾਹੀਂ ਚੀਫ਼ ਖ਼ਾਲਸਾ ਦੀਵਾਨ ਦੇ ਅਹੁਦੇਦਾਰਾਂ ਦੀ ਚੋਣ ਲਈ ਵੋਟਾਂ ਪਈਆਂ। ਚੋਣ ਅਧਿਕਾਰੀਆਂ ਦੀ ਦੇਖ ਰੇਖ ਅਤੇ ਪੁਲਿਸ ਦੀ ਸਖਤ ਪਹਿਰੇਦਾਰੀ 'ਚ ਸ੍ਰੀ ਗੁਰੂ ਹਰਕ੍ਰਿਸ਼ਨ ਸੀਨੀਅਰ ਸੈਕੰਡਰੀ ਸਕੂਲ ਜੀਟੀ ਰੋਡ ਦੇ ਗੁਰਦੁਆਰਾ ਕਲਗੀਧਰ ਵਿਚ ਚੋਣ ਪ੍ਰਕਿਰਿਆ ਮੁਕੰਮਲ ਹੋਈ। ਚੋਣ ਅਧਿਕਾਰੀ ਇੰਜੀਨੀਅਰ ਜਸਪਾਲ ਸਿੰਘ, ਐਡਵੋਕੇਟ ਇੰਦਰਜੀਤ ਸਿੰਘ ਅੜੀ, ਪ੍ਰੋ. ਸੁਖਬੀਰ ਸਿੰਘ ਤੇ ਮਹਿੰਦਰ ਸਿੰਘ ਨੇ ਦੱਸਿਆ ਕਿ ਸੀਕੇਡੀ ਦੇ ਕੁੱਲ ਮੈਂਬਰਾਂ ਦੀ ਗਿਣਤੀ 491 ਹੈ, ਜਿਨ੍ਹਾਂ ਵਿੱਚੋਂ 250 ਮੈਂਬਰ ਅੰਮ੍ਰਿਤਸਰ ਜ਼ਿਲ੍ਹੇ ਨਾਲ ਸਬੰਧਤ ਸ੍ਰੀ ਹਨ ਜਦਕਿ ਬਾਕੀ 241 ਮੈਂਬਰ ਦੇਸ਼ ਵਿਦੇਸ਼ ਤੋਂ ਸਨ ਜਿਨ੍ਹਾਂ ਵਿੱਚੋਂ ਵੋਟਾਂ ਪੋਲ ਹੋਈਆਂ ਸਨ। ਮੌਜੂਦਾ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਜੋ ਕਿ ਇਸ ਵਾਰ ਵੀ ਪ੍ਰਧਾਨਗੀ ਲਈ ਉਮੀਦਵਾਰ ਸਨ। ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਨੂੰ 247 ਵੋਟਾਂ ਹਾਸਲ ਹੋਈਆਂ। ਜਦ ਕਿ ਉਨ੍ਹਾਂ ਦੇ ਧੜੇ ਨਾਲ ਸਬੰਧਤ ਆਨਰੇਰੀ ਸਕੱਤਰ ਦੇ ਉਮੀਦਵਾਰ ਅਜੀਤ ਸਿੰਘ ਬਸਰਾ 154 ਤੇ ਸਵਿੰਦਰ ਸਿੰਘ ਕਥੂਨੰਗਲ 221, ਮੀਤ ਪ੍ਰਧਾਨ ਦੇ ਉਮੀਦਵਾਰ ਜਗਜੀਤ ਸਿੰਘ 212 ਤੇ ਸੰਤੋਖ ਸਿੰਘ ਸੇਠੀ 242 ਅਤੇ ਸਥਾਨਕ ਪ੍ਰਧਾਨ ਦੇ ਉਮੀਦਵਾਰ ਕੁਲਜੀਤ ਸਿੰਘ ਸਾਹਨੀ 226 ਨੂੰ ਵੋਟਾਂ ਹਾਸਲ ਹੋਈਆਂ। ਜਦ ਕਿ ਪ੍ਰਧਾਨਗੀ ਦੇ ਉਮੀਦਵਾਰ ਲਈ ਸਖਤ ਮੁਕਾਬਲੇ ਵਿਚ ਸਿੱਖ ਚਿੰਤਕ ਤੇ ਸਾਬਕਾ ਚੀਫ ਇਨਕਮ ਟੈਕਸ ਕਮਿਸ਼ਨਰ ਸੁਰਿੰਦਰਜੀਤ ਸਿੰਘ ਪਾਲ ਨੂੰ 150 ਵੋਟਾਂ ਹਾਸਲ ਹੋਈਆਂ। ਪਾਲ ਦੇ ਧੜੇ ਦੇ ਆਨਰੇਰੀ ਸਕੱਤਰ ਦੇ ਉਮੀਦਵਾਰ ਡਾ. ਜਸਵਿੰਦਰ ਸਿੰਘ ਢਿਲੋਂ 186 ਤੇ ਰਮਨੀਕ ਸਿੰਘ ਫ੍ਰੀਡਮ 217 , ਮੀਤ ਪ੍ਰਧਾਨ ਦੇ ਉਮੀਦਵਾਰ ਅਮਰਜੀਤ ਸਿੰਘ ਬਾਂਗਾ 150 ਤੇ ਸਰਬਜੀਤ ਸਿੰਘ 180 ਅਤੇ ਸਥਾਨਕ ਪ੍ਰਧਾਨ ਦੇ ਉਮੀਦਵਾਰ ਸੁਖਦੇਵ ਸਿੰਘ ਮੱਤੇਵਾਲ ਨੂੰ 165 ਵੋਟਾਂ ਹਾਸਲ ਹੋਈਆਂ।

# ਮਨੀਲਾ ਵਿੱਚ ਪੰਜਾਬੀ ਨੌਜਵਾਨ ਲਾਪਤਾ

ਕਪੂਰਥਲਾ ਦਾ ਨੌਜਵਾਨ ਮਨੀਲਾ ਦੇ ਕੰਡਨ ਸ਼ਹਿਰ ਤੋਂ ਸ਼ੱਕੀ ਹਾਲਤ ਵਿੱਚ ਲਾਪਤਾ ਹੋ ਗਿਆ। ਮੁਹੱਬਤ ਨਗਰ ਕਪੂਰਥਲਾ ਦੇ ਵਾਸੀ ਬੂਟਾ ਰਾਮ ਨੇ ਦੱਸਿਆ ਕਿ ਉਸ ਦਾ ਪੁੱਤਰ ਪ੍ਰਭੂ ਪ੍ਰੀਤ ਸਿੰਘ ਦਿਓਲ ਉਰਫ਼ ਪ੍ਰਿੰਸ (25) ਪਿਛਲੇ 5 ਸਾਲਾਂ ਤੋਂ ਮਨੀਲਾ ਦੇ ਕੰਡਨ ਸ਼ਹਿਰ ਵਿੱਚ



ਰਹਿ ਰਿਹਾ ਹੈ। ਪ੍ਰਿੰਸ 15 ਫਰਵਰੀ ਨੂੰ ਕੰਮ 'ਤੇ ਗਿਆ ਪਰ ਵਾਪਸ ਨਹੀਂ ਆਇਆ। ਉਸੇ ਦਿਨ ਦੁਪਹਿਰ 12 ਵਜੇ ਦੇ ਕਰੀਬ ਉਸ ਨੇ ਪੈਟਰੋਲ ਪੰਪ ਤੋਂ ਮੋਟਰਸਾਈਕਲ ਵਿੱਚ ਤੇਲ ਵੀ ਪੁਆਇਆ ਸੀ। ਬਾਅਦ ਵਿੱਚ ਉਸ ਦੀ ਕੋਈ ਉੱਘ-ਸੁੱਘ ਨਹੀਂ ਲੱਗੀ।

# ਭਾਕਿਯੂ ਉਗਰਾਹਾਂ ਵੱਲੋਂ ਬੀਜੇਪੀ ਆਗੂਆਂ ਸੁਨੀਲ ਜਾਖੜ, ਕੈਪਟਨ ਅਮਰਿੰਦਰ ਸਿੰਘ ਅਤੇ ਕੇਵਲ ਢਿੱਲੋਂ ਦੇ ਘਰਾਂ ਅੱਗੇ ਧਰਨੇ

## ਭਾਕਿਯੂ ਉਗਰਾਹਾਂ ਦੇ ਸੱਦੇ 'ਤੇ 21 ਟੌਲ ਫ੍ਰੀ ਕਰਨ ਲਈ ਦਿਨ-ਰਾਤ ਦੇ ਰੋਜ਼ਾ ਧਰਨਿਆਂ ਵਿੱਚ ਡਟੇ ਹਜ਼ਾਰਾਂ ਕਿਸਾਨ

ਚੰਡੀਗੜ੍ਹ (ਦਲਜੀਤ ਕੌਰ)- ਐਮ ਐਸ ਪੀ ਦੀ ਕਾਨੂੰਨੀ ਗਰੰਟੀ ਸਮੇਤ ਭਖਦੀਆਂ ਕਿਸਾਨੀ ਮੰਗਾਂ ਖਾਤਰ ਦਿੱਲੀ ਜਾਣ ਲਈ ਸ਼ੰਭੂ ਤੇ ਖਨੌਰੀ ਬਾਡਰਾਂ 'ਤੇ ਡਟੇ ਕਿਸਾਨਾਂ ਨਾਲ਼ ਤਾਲਮੇਲਵੇਂ ਸੰਘਰਸ਼ ਵਜੋਂ ਅੱਜ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਦੇ ਸੱਦੇ 'ਤੇ ਮੋਦੀ ਸਰਕਾਰ ਨੂੰ ਸਿਆਸੀ ਝਟਕਾ ਦੇਣ ਲਈ ਪ੍ਰਮੁੱਖ ਭਾਜਪਾ ਆਗੂਆਂ ਸੁਨੀਲ ਕੁਮਾਰ ਜਾਖੜ, ਕੈਪਟਨ ਅਮਰਿੰਦਰ ਸਿੰਘ ਅਤੇ ਕੇਵਲ ਸਿੰਘ ਢਿੱਲੋਂ ਦੇ ਘਰਾਂ ਅੱਗੇ ਅਤੇ 13 ਜ਼ਿਲ੍ਹਿਆਂ ਵਿੱਚ 21 ਟੌਲ ਫ੍ਰੀ ਕਰਨ ਲਈ ਦਿਨ-ਰਾਤ ਦੇ ਦੋ ਰੋਜ਼ਾ ਧਰਨਿਆਂ ਵਿੱਚ ਔਰਤਾਂ ਅਤੇ ਨੌਜਵਾਨਾਂ ਸਮੇਤ ਹਜ਼ਾਰਾਂ ਕਿਸਾਨ ਮਜ਼ਦੂਰ ਡਟ ਚੁੱਕੇ ਹਨ।

ਇਹ ਜਾਣਕਾਰੀ ਦਿੰਦੇ ਹੋਏ ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾ ਵੱਲੋਂ ਪ੍ਰੈੱਸ ਦੇ ਨਾਂ ਸਾਂਝਾ ਬਿਆਨ ਜਾਰੀ ਕਰਦਿਆਂ ਦੱਸਿਆ ਗਿਆ ਹੈ ਕਿ ਧਰਨਿਆਂ ਦੀ ਸ਼ੁਰੂਆਤ ਬੀਤੇ ਦਿਨ ਸ਼ੰਭੂ ਬਾਰਡਰ 'ਤੇ ਆਇਆ ਸ਼ਹੀਦ ਕਿਸਾਨ ਗਿਆਨ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਨ ਰਾਹੀਂ ਕੀਤੀ ਗਈ। ਮੋਦੀ ਭਾਜਪਾ ਸਰਕਾਰ ਦੇ ਕਿਸਾਨ ਦੁਸ਼ਮਣ ਵਤੀਰੇ ਨੂੰ ਮੁੱਖ ਰੱਖਦਿਆਂ ਜਥੇਬੰਦੀ ਵੱਲੋਂ ਪਹਿਲਾਂ ਐਲਾਨ ਕੀਤਾ ਹੋਇਆ 24 ਫਰਵਰੀ ਤੋਂ ਪੰਜਾਬ ਸਰਕਾਰ ਵਿਰੁੱਧ ਅਣਮਿਥੇ ਸਮੇਂ ਦਾ ਚੰਡੀਗੜ੍ਹ ਮੋਰਚਾ ਅਣਮਿਥੇ ਸਮੇਂ ਲਈ ਮੁਲਤਵੀ ਕਰਕੇ ਸਾਂਝੇ ਮੁਲਕ ਪੱਧਰੇ ਕਿਸਾਨ ਘੋਲ਼ ਨੂੰ ਅੱਗੇ ਵਧਾਉਣ ਲਈ ਕੌਮੀ ਸੰਯੁਕਤ ਕਿਸਾਨ ਮੋਰਚੇ ਦਾ ਅਗਲਾ ਸੱਦਾ ਆਉਣ ਤੱਕ ਇਹ ਫੈਸਲਾ ਕੀਤਾ ਗਿਆ ਹੈ। ਅਗਲੇ ਸੱਦੇ ਲਈ ਜ਼ੂਮ ਮੀਟਿੰਗ ਅੱਜ ਰਾਤ ਨੂੰ ਹੀ ਹੋ ਰਹੀ ਹੈ। ਵੱਖ-ਵੱਖ ਥਾਵਾਂ ਤੇ ਸੰਬੋਧਨ ਕਰਤਾ ਬੁਲਾਰਿਆਂ ਵੱਲੋਂ ਸ਼ੰਭੂ ਤੇ ਖਨੌਰੀ ਬਾਡਰਾਂ ਉੱਤੇ ਡਟੇ ਹੋਏ ਸੰਘਰਸ਼ਸ਼ੀਲ ਕਿਸਾਨਾਂ ਤੇ ਕਿਸਾਨ ਆਗੂਆਂ ਨੂੰ 15 ਫਰਵਰੀ ਵਾਲੇ ਦਿਨ 14 ਥਾਵਾਂ 'ਤੇ ਰੇਲਾਂ ਰੋਕਣ ਅਤੇ 6 ਟੌਲ ਫ੍ਰੀ ਕਰਨ ਰਾਹੀਂ ਅਤੇ ਅੱਜ ਦੇ ਇਨ੍ਹਾਂ ਧਰਨਿਆਂ ਰਾਹੀਂ ਸੁਨੇਹਾ ਦਿੱਤਾ ਗਿਆ ਹੈ ਕਿ ਅਸੀਂ ਇਸ ਕਿਸਾਨ ਸੰਘਰਸ਼ ਨੂੰ ਸਾਰੀਆਂ ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਦਾ ਤਾਲਮੇਲਵਾਂ ਕੌਮੀ ਸੰਘਰਸ ਬਣਾਉਣ ਲਈ ਜੀ ਜਾਨ ਨਾਲ ਕੁੱਦਣ ਦਾ ਫੈਸਲਾ ਕਰ ਲਿਆ ਹੈ, ਜਚ ਕੇ ਡਟੇ ਰਹੋ।



ਹੋਰ ਵੀ ਚੰਗਾ ਹੋਣਾ ਸੀ ਜੇਕਰ ਇਹ ਸੰਘਰਸ਼ ਵਿੱਢਣ ਤੋਂ ਪਹਿਲਾਂ ਹੀ ਸਾਰੀਆਂ ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਦਾ ਸਾਂਝਾ/ਤਾਲਮੇਲਵਾਂ ਸੰਘਰਸ਼ ਬਣਾਉਣ ਦੇ ਗੰਭੀਰ ਯਤਨ ਕੀਤੇ ਜਾਂਦੇ। ਪਰ ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁੱਝ ਨਹੀਂ ਵਿਗੜਿਆ। ਆਪਸੀ ਮੱਤਭੇਦਾਂ ਨੂੰ ਪਾਸੇ ਰੱਖਦਿਆਂ ਇੱਕਜੁੱਟ ਹੋ ਕੇ ਤਾਲਮੇਲਵੇਂ ਸਾਂਝੇ ਸੰਘਰਸ਼ ਰਾਹੀਂ ਫ਼ਿਰਕੂ, ਭੜਕਾਊ ਤੇ ਫੁੱਟਪਾਊ ਅਨਸਰਾਂ ਸਮੇਤ ਮੋਦੀ ਸਰਕਾਰ ਨੂੰ ਕਰਾਰੀ ਮਾਤ ਦਿੱਤੀ ਜਾ ਸਕਦੀ ਹੈ। ਆਗੂਆਂ ਨੇ ਜ਼ੋਰ ਦਿੱਤਾ ਕਿ ਮੋਦੀ ਸਰਕਾਰ ਵੱਲੋਂ ਕਿਸਾਨਾਂ ਦੇ ਜੇਤੂ ਦਿੱਲੀ ਘੋਲ਼ ਨੂੰ ਮੁਲਤਵੀ ਕਰਨ ਮੌਕੇ ਕੀਤੇ ਗਏ ਐਮ ਐਸ ਪੀ ਦੀ ਕਾਨੂੰਨੀ ਗਰੰਟੀ ਵਰਗੇ ਲਿਖਤੀ ਵਾਅਦੇ ਲਾਗੂ ਕਰਨ ਤੋਂ ਲਗਾਤਾਰ ਦੋ ਸਾਲ ਟਾਲਾ ਵੱਟਣ ਅਤੇ ਅੱਜ ਵੀ ਕਿਸਾਨਾਂ ਦੇ ਜਮਹੂਰੀ ਹੱਕਾਂ ਨੂੰ ਕੁਚਲਣ ਅਤੇ ਮੰਗਾਂ ਮੰਨਣ ਤੋਂ ਬਾਰ ਬਾਰ ਨਾਂਹ ਕਰਨ ਦੇ ਤਾਨਾਸ਼ਾਹੀ ਜਾਬਰ ਹੱਲੇ ਨੂੰ ਧਰਮਾਂ, ਜਾਤਾਂ, ਇਲਾਕਿਆਂ ਆਦਿ ਦੀਆਂ ਵਲਗਣਾਂ ਤੋਂ ਉਪਰ ਉਠ ਕੇ ਵਿਸ਼ਾਲ ਸਾਂਝੇ ਸੰਘਰਸ਼ ਰਾਹੀਂ ਹੀ ਮਾਤ ਦਿੱਤੀ ਜਾ ਸਕਦੀ ਹੈ। ਉਨ੍ਹਾਂ ਮੋਦੀ ਸਰਕਾਰ ਨੂੰ ਤਾੜਨਾ ਕੀਤੀ ਕਿ ਹੁਣ ਲੁਟੇਰਿਆਂ ਪੱਖੀ ਜਾਬਰ ਨੀਤੀਆਂ ਦਾ ਹਿਸਾਬ ਕਿਤਾਬ ਚੁਕਤਾ ਕਰ ਕੇ ਹੀ ਕਿਸਾਨ ਦਮ ਲੈਣਗੇ।

ਅੱਜ ਸੰਬੋਧਨ ਕਰਤਾ ਮੁੱਖ ਆਗੂਆਂ ਵਿੱਚ ਝੰਡਾ ਸਿੰਘ ਜੇਠੂਕੇ, ਸ਼ਿੰਗਾਰਾ ਸਿੰਘ ਮਾਨ, ਰੂਪ ਸਿੰਘ ਛੰਨਾਂ, ਜਗਤਾਰ ਸਿੰਘ ਕਾਲਾਝਾੜ, ਜਨਕ ਸਿੰਘ ਭੁਟਾਲ, ਹਰਦੀਪ ਸਿੰਘ ਟੱਲੇਵਾਲ ਤੇ ਹਰਿੰਦਰ ਕੌਰ ਬਿੰਦੂ ਤੋਂ ਇਲਾਵਾ ਹੋਰ ਸੂਬਾ/ਜ਼ਿਲ੍ਹਾ/ਬਲਾਕ ਪੱਧਰੇ ਆਗੂ ਸ਼ਾਮਲ ਸਨ। ਕਿਸਾਨ ਆਗੂਆਂ ਨੇ ਦੱਸਿਆ ਕਿ ਇਸ ਸੰਘਰਸ਼ ਦੀਆਂ ਮੰਗਾਂ ਵਿੱਚ ਸਾਰੀਆਂ ਫਸਲਾਂ ਦੀ ਲਾਭਕਾਰੀ ਐਮ ਐਸ ਪੀ ਦੀ ਕਾਨੂੰਨੀ ਗਰੰਟੀ, ਕਿਸਾਨਾਂ ਮਜ਼ਦੂਰਾਂ ਦੀ ਮੁਕੰਮਲ ਕਰਜ਼ਾ ਮੁਕਤੀ, ਲਖੀਮਪੁਰ ਦੇ ਸ਼ਹੀਦਾਂ ਦੇ ਵਾਰਸਾਂ ਨੂੰ ਪੂਰਾ ਇਨਸਾਫ਼, ਸਰਬਵਿਆਪੀ ਜਨਤਕ ਵੰਡ ਪ੍ਰਣਾਲੀ, ਪੂਰੀ ਭਰਪਾਈ ਵਾਲੀ ਫ਼ਸਲੀ ਬੀਮਾ ਯੋਜਨਾ, ਕਿਸਾਨ ਘੋਲ਼ ਦੇ ਸ਼ਹੀਦਾਂ ਦੇ ਵਾਰਸਾਂ ਨੂੰ ਮੁਆਵਜ਼ਾ ਤੇ ਨੌਕਰੀਆਂ, ਇਨ੍ਹਾਂ ਸ਼ਹੀਦਾਂ ਦੀ ਕੌਮੀ ਯਾਦਗਾਰ ਵਰਗੇ ਭਖਦੇ ਕਿਸਾਨੀ ਮਸਲੇ ਸ਼ਾਮਲ ਹਨ। ਬੁਲਾਰਿਆਂ ਵਲੋਂ ਇਹ ਮੰਗਾਂ ਮੰਨੇ ਜਾਣ ਉੱਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਉਨ੍ਹਾਂ ਵਲੋਂ ਭਾਜਪਾ ਦੀ ਕੇਂਦਰੀ ਅਤੇ ਹਰਿਆਣਾ ਸਰਕਾਰਾਂ ਵੱਲੋਂ ਕਿਸਾਨਾਂ ਦਾ ਸੰਘਰਸ਼ ਕਰਨ ਦਾ ਸੰਵਿਧਾਨਕ ਜਮਹੂਰੀ ਹੱਕ ਕੁਚਲਣ ਲਈ ਅੱਥਰੂ ਗੈਸ, ਲਾਠੀਚਾਰਜ ਤੇ ਡ੍ਰੋਨ ਰਾਹੀਂ ਗੋਲੀਬਾਰੀ ਤੋਂ ਇਲਾਵਾ ਸੜਕਾਂ ਉੱਤੇ ਕੰਧਾਂ ਕੱਢਣ ਤੇ ਕਿੱਲ ਗੱਡਣ ਵਰਗੇ ਤਾਨਾਸ਼ਾਹੀ ਹੱਥਕੰਡਿਆਂ ਦੀ ਸਖ਼ਤ ਨਿਖੇਧੀ ਕੀਤੀ ਗਈ। ਉਨ੍ਹਾਂ ਦੋਸ਼ ਲਾਇਆ ਕਿ ਕਾਲ਼ੇ ਖੇਤੀ ਕਾਨੂੰਨ ਰੱਦ ਕਰਾਉਣ ਵਾਲਾ ਦਿੱਲੀ ਘੋਲ਼ ਮੁਲਤਵੀ ਕਰਨ ਮੌਕੇ ਮੋਦੀ ਸਰਕਾਰ ਵੱਲੋਂ ਲਿਖ਼ਤੀ ਭਰੋਸੇ ਦੇ ਬਾਵਜੂਦ ਕੋਈ ਇੱਕ ਵੀ ਮੰਗ ਲਾਗੂ ਨਾ ਕਰਨਾ ਸਰਕਾਰ ਦੇ ਕਿਸਾਨ ਵਿਰੋਧੀ ਅਤੇ ਸਾਮਰਾਜ ਪੱਖੀ ਕਿਰਦਾਰ ਨੂੰ ਨੰਗਾ ਕਰਦਾ ਹੈ। ਇਹ ਮੰਗ ਵੀ ਜ਼ੋਰ ਨਾਲ ਉਭਾਰੀ ਗਈ ਕਿ ਸਾਰੇ ਪੁਆੜਿਆਂ ਦੀ ਜੜ੍ਹ ਸੰਸਾਰ ਵਪਾਰ ਸੰਸਥਾ ਵਿੱਚੋਂ ਭਾਰਤ ਨੂੰ ਬਾਹਰ ਕੱਢਿਆ ਜਾਵੇ, ਕਿਉਂਕਿ ਇਹਦੀਆਂ ਨੀਤੀਆਂ ਦੇਸ਼ ਭਰ ਦੇ ਕਿਰਤੀ ਕਿਸਾਨਾਂ ਨੂੰ ਅਤੇ ਪੇਂਡੂ ਸੱਭਿਆਚਾਰ ਨੂੰ ਤਬਾਹ ਕਰ ਰਹੀਆਂ ਹਨ। ਇਨ੍ਹਾਂ ਨੀਤੀਆਂ ਤਹਿਤ ਹੀ ਜਨਤਕ ਖੇਤਰ ਦੇ ਸਿਹਤ, ਸਿੱਖਿਆ, ਬਿਜਲੀ ਵਰਗੇ ਸਾਰੇ ਜਨਤਕ ਅਦਾਰੇ ਅਡਾਨੀ ਅੰਬਾਨੀ ਵਰਗੇ ਦੇਸੀ ਬਦੇਸ਼ੀ ਸਾਮਰਾਜੀ ਕਾਰਪੋਰੇਟਾਂ ਨੂੰ ਕੌਡੀਆਂ ਦੇ ਭਾਅ ਵੇਚੇ ਜਾ ਰਹੇ ਹਨ। ਮੋਦੀ ਹਕੂਮਤ ਨੂੰ ਕਿਸਾਨਾਂ ਦੇ ਕੁਰਬਾਨੀਆਂ ਭਰੇ ਜੁਝਾਰੂ ਇਤਿਹਾਸ ਦੁਆਰਾ ਕੰਧ 'ਤੇ ਲਿਖਿਆ ਜ਼ਰੂਰ ਪੜ੍ਹ ਲੈਣਾ ਚਾਹੀਦਾ ਹੈ ਕਿ ਹਕੂਮਤੀ ਜਬਰ ਸੰਘਰਸ਼ ਕਰਨ ਵਾਲੇ ਕਾਫ਼ਲਿਆਂ ਨੂੰ ਅੱਗੇ ਵਧਣ ਤੋਂ ਰੋਕ ਨਹੀਂ ਸਕਦਾ, ਸਗੋਂ ਇਹ ਜਬਰ ਸੰਘਰਸ਼ਾਂ ਦੀ ਖ਼ੁਰਾਕ ਬਣ ਜਾਇਆ ਕਰਦਾ ਹੈ। ਆਗੂਆਂ ਕਿਹਾ ਕਿ ਸਾਡਾ ਸੰਘਰਸ਼ ਹਰ ਕਿਸਮ ਦੀ ਕੁਰਬਾਨੀ ਦੇਕੇ ਵੀ ਜਾਰੀ ਰਹੇਗਾ ਅਤੇ ਮੋਦੀ ਹਕੂਮਤ ਨੂੰ ਕਿਸਾਨਾਂ-ਮਜਦੂਰਾਂ ਦੀਆਂ ਹੱਕੀ ਮੰਗਾਂ ਮੰਨਣ ਲਈ ਮਜਬੂਰ ਕਰੇਗਾ। ਕਿਸਾਨ ਆਗੂਆਂ ਨੇ ਦੱਸਿਆ ਕਿ ਅੱਜ ਦੇ ਧਰਨਿਆਂ ਨੂੰ ਖੇਤ ਮਜ਼ਦੂਰਾਂ, ਮੁਲਾਜ਼ਮਾਂ, ਸਨਅਤੀ ਮਜ਼ਦੂਰਾਂ, ਵਿਦਿਆਰਥੀਆਂ, ਛੋਟੇ ਵਪਾਰੀਆਂ, ਦੁਕਾਨਦਾਰਾਂ ਤੇ ਹੋਰ ਕਿਰਤੀ ਲੋਕਾਂ ਦਾ ਸਮਰਥਨ ਵੀ ਮਿਲਿਆ।

# ਕੈਨੇਡਾ ਗਏ 25 ਸਾਲਾ ਭਾਰਤੀ ਵਿਦਿਆਰਥੀ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ

ਇਸ ਵੇਲੇ ਕੈਨੇਡਾ ਤੋਂ ਇੱਕ ਮੰਦਭਾਗੀ ਖਬਰ ਸਾਹਮਣੇ ਆ ਰਹੀ ਹੈ,ਜਿੱਥੇ ਇੱਕ ਭਾਰਤੀ ਵਿਦਿਆਰਥੀ ਦੀ ਦਿਲ ਦੌਰਾ ਪੈਣ ਕਾਰਨ ਮੌਤ ਹੋ ਗਈ। ਮ੍ਰਿਤਕ ਵਿਦਿਆਰਥੀ ਦੀ ਪਛਾਣ ਸ਼ੇਖ ਮੁਜ਼ੱਮਿਲ ਅਹਿਮਦ ਵਜੋਂ ਹੋਈ ਹੈ। ਇਸ ਬਾਰੇ ਪਤਾ ਲੱਗਦਿਆਂ ਹੀ ਮ੍ਰਿਤਕ ਦੇ ਪਰਿਵਾਰ ਵੱਲੋਂ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੂੰ ਮ੍ਰਿਤਕ ਦੇਹ ਨੂੰ ਹੈਦਰਾਬਾਦ ਵਾਪਸ ਭੇਜਣ ਦਾ ਪ੍ਰਬੰਧ ਕਰਨ ਦੀ ਬੇਨਤੀ ਕੀਤੀ ਹੈ। ਦੱਸਿਆ ਜਾ ਰਿਹਾ ਹੈ ਕਿ ਅਹਿਮਦ ਹੈਦਰਾਬਾਦ ਦਾ ਰਹਿਣ ਵਾਲਾ ਸੀ ਅਤੇ ਓਨਟਾਰੀਓ ਦੇ ਕਿਚਨਰ ਸਿਟੀ ਦੇ ਵਾਟਰਲੂ ਕੈਂਪਸ ਦੇ ਕੋਨੇਸਟੋਗਾ ਕਾਲਜ ਤੋਂ



ਆਈ.ਟੀ. ਵਿੱਚ ਮਾਸਟਰਜ਼ ਕਰ ਰਿਹਾ ਸੀ।

ਇਸ ਸਬੰਧੀ ਤੇਲੰਗਾਨਾ ਆਧਾਰਿਤ ਸਿਆਸੀ ਪਾਰਟੀ ਮਜਲਿਸ ਬਚਾਓ ਤਹਿਰੀਕ (ਐੱਮ.ਬੀ.ਟੀ.) ਦੇ ਆਗੂ ਅਮਜਦ ਉੱਲਾ ਖ਼ਾਨ ਨੇ ਸੋਸ਼ਲ ਮੀਡੀਆ 'ਤੇ ਜਾਣਕਾਰੀ ਦਿੱਤੀ।ਐੱਮ.ਬੀ.ਟੀ. ਆਗੂ ਨੇ ਕਿਹਾ ਕਿ ਅਹਿਮਦ ਪਿਛਲੇ ਹਫ਼ਤੇ ਤੋਂ ਬੁਖ਼ਾਰ ਨਾਲ ਪੀੜਤ ਸੀ, ਪਰ ਉਸ ਦੇ ਪਰਿਵਾਰ ਨੂੰ ਅਹਿਮਦ ਦੇ ਦੋਸਤ ਦਾ ਫ਼ੋਨ ਆਇਆ ਕਿ ਉਸ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਹੈ। ਉਨ੍ਹਾਂ ਨੇ ਮ੍ਰਿਤਕ ਦੇ ਪਰਿਵਾਰ ਵੱਲੋਂ ਵਿਦੇਸ਼ ਮੰਤਰੀ ਐੱਸ.ਜੈਸ਼ੰਕਰ ਨੂੰ ਮਦਦ ਲਈ ਬੇਨਤੀ ਕਰਨ ਵਾਲਾ ਪੱਤਰ ਵੀ ਸੋਸ਼ਲ ਮੀਡੀਆ 'ਤੇ ਪੋਸਟ ਕੀਤਾ।

# ਵਿਦੇਸ਼ ਭੇਜਣ ਦੇ ਨਾਂ 'ਤੇ ਮਾਰੀ 18.6 ਲੱਖ ਦੀ ਠੱਗੀ

ਪਿੰਡ ਕਾਉਣੀ ਦੇ ਇਕ ਨੌਜਵਾਨ ਨੂੰ ਵਿਦੇਸ਼ ਭੇਜਣ ਦੇ ਨਾਂ 'ਤੇ ਕੁੱਝ ਵਿਅਕਤੀਆਂ ਵੱਲੋਂ 18 ਲੱਖ 65 ਹਜ਼ਾਰ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਹੇਠ ਪੁਲੀਸ ਨੇ ਥਾਣਾ ਕੋਟਭਾਈ ਵਿੱਚ ਕੇਸ ਦਰਜ ਕੀਤਾ ਹੈ। ਜਾਣਕਾਰੀ ਅਨੁਸਾਰ ਰੇਸ਼ਮ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਪਿੰਡ ਕਾਉਣੀ ਨੇ ਪੁਲੀਸ ਨੂੰ ਸ਼ਿਕਾਇਤ ਦਿੱਤੀ ਕਿ ਲਖਵਿੰਦਰ ਸਿੰਘ, ਗੁਰਦਿੱਤਾ ਸਿੰਘ ਉਰਫ ਗੁਰਾ, ਗੁਰਮੇਲ ਸਿੰਘ ਵਾਸੀ ਕਾਉਣੀ, ਲਖਵੀਰ ਸਿੰਘ ਪੁੱਤਰ ਸੁਖਮੰਦਰ ਸਿੰਘ ਵਾਸੀ ਕਾਉਣੀ ਤੇ ਲਖਵੀਰ ਸਿੰਘ ਬਰੀਵਾਲਾ ਨੇ ਉਸ ਦੇ ਲੜਕੇ ਮਨਜੀਤ ਸਿੰਘ ਨੂੰ ਪੁਰਤਗਾਲ ਭੇਜਣ ਲਈ ਉਨ੍ਹਾਂ ਕੋਲੋਂ 18 ਲੱਖ 65 ਹਜ਼ਾਰ ਰੁਪਏ ਲੈ ਲਏ। ਇਸ ਮਗਰੋਂ ਉਨ੍ਹਾਂ ਨੇ ਨਾ ਤਾਂ ਉਸ ਦੇ ਬੇਟੇ ਨੂੰ ਬਾਹਰ ਭੇਜਿਆ ਅਤੇ ਨਾ ਹੀ ਪੈਸੇ ਵਾਪਸ ਕੀਤੇ। ਪੁਲੀਸ ਨੇ ਇਸ ਸਬੰਧੀ ਕੇਸ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# PRAYING FOR PEACE IN GAZA

I've often wondered where I would have stood during pivotal moments in history now, living through our own historical chapter, I've realised it far from what I have ever imagined. Reality as I've learned is crueler than any imagination. Horrific scenes, happening miles away feeling utterly powerless, overwhelmed with emotions. As we are witnessing a genocide unfold before our eyes and history teaches us that there comes a time when our collective struggle becomes so powerful against the system. We are all part of this unfolding story, our actions today will shape what comes tommorow. As a father, I have always striven to teach my daughter to speak the truth courteously and politely and always, to listen respectfully to views of others. Too often we stay quiet, reluctant to speak up for what is right it may detrimentally affect us socially, proffesionally or economically. Poltics aside I speak the truth today coutesouly and politely, when praying for ardaas for the safety and well being of the 1.4 million displaced Palestinians mostly women and children in Rafah. The children of gaza in your strength, I've discovered the essence of life and true meaning of the sikh faith. wittnesing your ability to smile admist immense grief leaves me in awe of your sheer reslience and unwavering love for life. I am truley sorry for the unfathomable trauma you have endure the weight of 13,000 innocent Gazans children in coffins a devastating reality. My heart shatters hearing your screams and witnessing tears roll down your faces. I am praying for a ceasefire, you are all my hero's.



ਲੰਬੜਦਾਰ ਧਰਮਵੀਰ ਸਿੰਘ ਕਲੇਰ, ਕਵੈਂਟਰੀ





**From : LAMBARDAR DHARMVEER SINGH CLAIRE COVENTRY**


# GSD

## GSD ESTATE AGENTS

RESIDENTIAL & COMMERCIAL PROPERTY EXPERTS

SALES • LETTINGS • MANAGEMENT

EXPERIENCED & INDEPENDENT
FAMILY OWNED & OPERATED

How much is your home worth ?
More properties wanted for qualified applicants
We can sell or let your properties fast
2-3 year rent guarantee schemes available

## ਜੀ. ਐਸ. ਡੀ. ਇਸਟੇਟ ਏਜੰਟਸ

ਤੁਹਾਡੇ ਘਰ ਦੀ ਕਿੰਨੀ ਕੀਮਤ ਹੈ ?

ਤੁਹਾਡੀ ਜਾਇਦਾਦ ਵੇਚਣ ਜਾਂ ਕਿਰਾਏ 'ਤੇ ਦੇਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ।
ਯੋਗ ਅਰਜ਼ੀ ਕਰਤਾਵਾਂ ਲਈ ਹੋਰ ਜਾਇਦਾਦਾਂ ਚਾਹੀਦੀਆਂ ਹਨ।
ਗਾਰੰਟੀ 'ਤੇ ਕਿਰਾਏ ਲਈ 2-3 ਸਾਲ ਦੀਆਂ ਯੋਜਨਾਵਾਂ ਵੀ ਉਪਲੱਬਧ ਹਨ।
ਜਾਇਦਾਦ ਸਬੰਧੀ ਤਜਰਬੇਕਾਰ ਤੇ ਪ੍ਰੋਫੈਸ਼ਨਲ ਮਾਹਿਰਾਂ ਦੀ ਸਲਾਹ ਜ਼ਰੂਰ ਲਵੋ

EXCELLENCE AS STANDARD *Supporting a greener future*

Director: Mr Gurjeet Singh Dhariwal

Visit our website: www.gsdestates.com
Tel: 020 8570 1284 Email: info@gsdestates.com
10 New Heston Road, Heston, TW5 0LJ
GSD Estate Agents Ltd. Company No: 06529322. All rights reserved



## ਸੁਮਨ ਮੈਰਿਜ ਬਿਊਰੋ (ਇੰਟਰਨੈਸ਼ਨਲ)

UK's FIRST ASIAN MARRIAGE BUREAU

Guaranteed introduction service - Since 1972
CURRENTLY SEEKING MATCHES FOR THE FOLLOWING
JAT SIKH GIRLS (F) & BOYS (M) - (*with turban/beard):

| | | | | |
|---|---|---|---|---|
| 26 | 5'04" | BSc Optometry | Optometrist | Single (F) |
| 27 | 5'03" | B.A. History | Product Manager | Single (F) |
| 27 | 5'07" | M.D. | Doctor | Single (F) |
| 29 | 5'09" | LLB (Hons) | Lawyer (Solicitor) | Single (F) |
| 29 | 5'08" | DDA | Dentist | Single (F) |
| 29 | 5'04" | LLB (Hons) , LPC | Trainee Solicitor | Single (F) |
| 29 | 5'07" | ACCA | Accountant | Single (F) |
| 27 | 6'02" | Graduate | Financial Sector | Single (M) |
| 29 | 5'10"* | MBChB | Doctor-GP Training | Single (M) |
| 29* | 6'00" | M.Pharms | Pharmacy Area Man. | Single (M) |
| 29 | 6'04" | Graduation | Business Owner | Single (M) |
| 30 | 5'11" | Graduation | Business Owner | Single (M) |

OVER 50 YEARS OF MATCHMAKING
Please feel free to contact us to discuss your requirements in confidence and without any obligation! English/Punjabi spoken.

## SUMAN MARRIAGE BUREAU

Bespoke Matchmaking Service

0121 582 9995 or 020 8571 5145

WhatsApp/Signal: 07485 708717

Web: www.s-m-b.com Email: info@s-m-b.com

Providing a personal matchmaking service for all Asian communities
Follow us on Facebook: www.facebook.com/SumanMarriageBureau
Instagram: @SumanMarriageBureau

WE HAVE CLIENTS ALL OVER UK.

ਜੈ ਸ੍ਰੀ ਗੁਰੂ ਰਵਿਦਾਸ ਜੀ ੴ ਸਤਿਗੁਰ ਪ੍ਰਸਾਦਿ॥ ਜੈ ਸ੍ਰੀ ਗੁਰੂ ਰਵਿਦਾਸ ਜੀ

# ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ॥ ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥

## ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ

# 647ਵਾਂ ਪ੍ਰਕਾਸ਼ ਉਤਸਵ

## ਸ੍ਰੀ ਗੁਰੂ ਰਵਿਦਾਸ ਟੈਂਪਲ ਸਾਊਥਾਲ ਵਿਖੇ

### 25 ਫਰਵਰੀ 2024 ਦਿਨ ਐਤਵਾਰ ਨੂੰ ਮਨਾਇਆ ਜਾਵੇਗਾ

ਪਰਮ ਸਤਿਕਾਰਯੋਗ ਸਾਧ ਸੰਗਤ ਜੀਉ।

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ 647ਵਾਂ ਮਹਾਨ ਪ੍ਰਕਾਸ਼ ਉਤਸਵ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ।

ਮਹਾਨ ਰਹਿਬਰ, ਕ੍ਰਾਂਤੀਕਾਰੀ ਗੁਰੂ ਰਵਿਦਾਸ ਜੀ ਨੇ 15ਵੀਂ ਸਦੀ ਵਿੱਚ ਸਭ ਤੋਂ ਪਵਿੱਤਰ ਅਸਥਾਨ ਕਾਸ਼ੀ (ਬਨਾਰਸ) ਵਿੱਚ ਅਵਤਾਰ ਧਾਰ ਕੇ ਊਚ-ਨੀਚ, ਜਾਤਪਾਤ ਤੇ ਵੰਡੀ ਹੋਈ ਮਨੁੱਖਤਾ ਨੂੰ ਸਿੱਧੇ ਰਾਹ ਪਾਉਣ ਦਾ ਉਪਰਾਲਾ ਕੀਤਾ। ਉਸ ਸਮੇਂ ਦੇ ਘਮੰਡੀ ਹੁਕਮਰਾਨ, ਧਰਮ ਦੇ ਠੇਕੇਦਾਰ ਗੁਰੂ ਜੀ ਦੇ ਸੰਘਰਸ਼ ਦਾ ਸਾਹਮਣਾ ਨਾ ਕਰ ਸਕੇ। ਰਾਜਾ ਨਾਗਰ ਮੱਲ, ਰਾਣੀ ਝਾਲਾ ਬਾਈ ਅਤੇ ਰਾਣੀ ਮੀਰਾਂ ਬਾਈ, ਰਾਜਾ ਸਿਕੰਦਰ ਲੋਧੀ ਅਤੇ ਹੋਰ ਉਸ ਵਕਤ ਦੇ ਲੋਕ ਜਾਤਪਾਤ ਵਿੱਚ ਵੰਡੇ ਸਮਾਜ ਨੂੰ ਤਿਆਗ ਕੇ ਜਗਤ ਗੁਰੂ ਰਵਿਦਾਸ ਜੀ ਦੀ ਸ਼ਰਨ ਵਿੱਚ ਆ ਗਏ। ਗੁਰੂ ਜੀ ਨੇ ਉਨ੍ਹਾਂ ਨੂੰ ਇਨਸਾਫ ਸੱਚਾਈ, ਇਨਸਾਨੀਅਤ ਅਤੇ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ ਜਿਵੇਂ ਕਿ ਉਨ੍ਹਾਂ ਨੇ ਆਪਣੀ ਬਾਣੀ ਵਿੱਚ ਫਰਮਾਇਆ ਕਿ ਬੇਗਮਪੁਰਾ ਸ਼ਹਰ ਕੋ ਨਾਉ॥ ਦੂਖ ਅੰਦੋਹ ਨਹੀ ਤਿਹਿ ਠਾਉ॥ ਅੱਜ ਫਿਰ ਕੌਮ ਨੂੰ ਏਕਤਾ ਦੀ ਲੜੀ ਵਿੱਚ ਪ੍ਰੋਣ ਲਈ ਗੁਰੂ ਜੀ ਦੇ ਸਾਂਝੀਵਾਲਤਾ, ਬਰਾਬਰਤਾ ਅਤੇ ਭਾਈਚਾਰੇ ਦੇ ਸੰਦੇਸ਼ ਨੂੰ ਪ੍ਰਚਾਰਨ ਅਤੇ ਗੁਰਬਾਣੀ ਦੇ ਰੂਪ ਵਿੱਚ ਉਨ੍ਹਾਂ ਦੀ ਅਨਮੋਲ ਸਿੱਖਿਆ ਉੱਪਰ ਅਮਲ ਕਰਨ ਦੀ ਲੋੜ ਹੈ। ਆਉ ਅੱਜ ਉਸ ਮਹਾਨ ਰਹਿਬਰ ਦੇ ਪ੍ਰਕਾਸ਼ ਉਤਸਵ 'ਤੇ ਪ੍ਰਣ ਕਰੀਏ ਅਤੇ ਉਨ੍ਹਾਂ ਦੇ ਦਰਸਾਏ ਹੋਏ ਮਾਰਗ 'ਤੇ ਚੱਲ ਕੇ ਆਪਣੇ ਜੀਵਨ ਸਫਲੇ ਕਰੀਏ। ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਘਰ ਆ ਕੇ ਦਰਸ਼ਨ ਦਿਉ ਜੀ ਅਤੇ ਰੱਬੀ ਬਾਣੀ ਦਾ ਕੀਰਤਨ ਸਰਵਣ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਅਤੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 647ਵੇਂ ਪ੍ਰਕਾਸ਼ ਉਤਸਵ ਦੀ ਖੁਸ਼ੀ ਵਿੱਚ ਪਰਿਵਾਰਾਂ ਵੱਲੋਂ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਦੇ ਜਾਪਾਂ ਦੀ ਸੇਵਾ

- 1/12/23 – ਸ੍ਰੀ ਗੁਰੂ ਰਵਿਦਾਸ ਸਭਾ ਦੀ ਪ੍ਰਬੰਧਕ ਕਮੇਟੀ ਤੇ ਟਰੱਸਟੀਆਂ ਵੱਲੋਂ ਸ੍ਰੀ ਅਖੰਡ ਪਾਠ ਅਰੰਭ ਅਤੇ 3/12/23 ਨੂੰ ਭੋਗ ਸ੍ਰੀ ਅਖੰਡ ਪਾਠ ਸਾਹਿਬ
- 8/12/23 – ਮਿ: ਭਜਨ ਮੈਹਮੀ ਪਰਿਵਾਰ ਵੱਲੋਂ ਸ੍ਰੀ ਅਖੰਡ ਪਾਠ ਅਰੰਭ ਅਤੇ 10/12/23 ਨੂੰ ਭੋਗ ਸ੍ਰੀ ਅਖੰਡ ਪਾਠ ਸਾਹਿਬ
- 15/12/23 – ਗੁਰਦੁਆਰਾ ਸਾਹਿਬ ਦੇ ਗਿਆਨੀਆਂ ਤੇ ਬੀਬੀਆਂ ਵੱਲੋਂ ਸ੍ਰੀ ਅਖੰਡ ਪਾਠ ਅਰੰਭ ਅਤੇ 17/12/23 ਨੂੰ ਭੋਗ ਸ੍ਰੀ ਅਖੰਡ ਪਾਠ ਸਾਹਿਬ
- 22/12/23 – ਸ੍ਰੀ ਗੁਰੂ ਰਵਿਦਾਸ ਸਭਾ ਦੇ ਸੇਵਾਦਾਰਾਂ ਵੱਲੋਂ ਸ੍ਰੀ ਅਖੰਡ ਪਾਠ ਅਰੰਭ ਅਤੇ 24/12/23 ਨੂੰ ਭੋਗ ਸ੍ਰੀ ਅਖੰਡ ਪਾਠ ਸਾਹਿਬ
- 29/12/23 – ਸ੍ਰੀ ਗੁਰੂ ਰਵਿਦਾਸ ਸਭਾ ਦੇ ਸੇਵਾਦਾਰਾਂ ਵੱਲੋਂ ਸ੍ਰੀ ਅਖੰਡ ਪਾਠ ਅਰੰਭ ਅਤੇ 31/12/23 ਨੂੰ ਭੋਗ ਸ੍ਰੀ ਅਖੰਡ ਪਾਠ ਸਾਹਿਬ
- 4/1/24 – ਸ੍ਰੀ ਬਲਵਿੰਦਰ ਸਿੰਘ ਸੰਧੂ ਪਰਿਵਾਰ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਅਤੇ 6/1/24 ਨੂੰ ਭੋਗ ਸ੍ਰੀ ਅਖੰਡ ਪਾਠ ਸਾਹਿਬ
- 5/1/24 – ਸ੍ਰੀਮਤੀ ਗੁਰਦੀਪ ਕੌਰ ਚੌਂਕੜੀਆ ਪਰਿਵਾਰ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਅਤੇ 7/1/24 ਨੂੰ ਭੋਗ ਸ੍ਰੀ ਅਖੰਡ ਪਾਠ ਸਾਹਿਬ
- 12/1/24 – ਗੁਰੂ ਘਰ ਦੀਆਂ ਸਮੂਹ ਬੀਬੀਆਂ ਵੱਲੋਂ ਅਰੰਭ ਸ੍ਰੀ ਅਖੰਡ ਪਾਠ ਸਾਹਿਬ ਅਤੇ 14/1/24 ਨੂੰ ਭੋਗ ਸ੍ਰੀ ਅਖੰਡ ਪਾਠ ਸਾਹਿਬ
- 19/1/24 – ਹੀਥਰੋ ਏਅਰਪੋਰਟ ਦੇ ਮੌਜੂਦਾ ਤੇ ਸਾਬਕਾ ਸਟਾਫ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਅਤੇ 21/1/23 ਭੋਗ ਸ੍ਰੀ ਅਖੰਡ ਪਾਠ ਸਾਹਿਬ
- 26/1/24 – ਜਸਵਿੰਦਰ ਸਿੰਘ ਦੇ ਪਰਿਵਾਰ ਵੱਲੋਂ ਅਰੰਭ ਸ੍ਰੀ ਅਖੰਡ ਪਾਠ ਸਾਹਿਬ ਅਤੇ 28/1/24 ਨੂੰ ਭੋਗ ਸ੍ਰੀ ਅਖੰਡ ਪਾਠ ਸਾਹਿਬ
- 28/1/24 – ਦਿਨ ਐਤਵਾਰ ਨੂੰ ਸ਼੍ਰੀ ਵਿਜੇ ਮਨਸ਼ਾ ਅਤੇ ਉਹਨਾਂ ਦੇ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਹੋਣਗੇ
- 2/2/24 – ਸ਼੍ਰੀ ਰਣਬੀਰ ਚੌਂਕੜੀਆ ਅਤੇ ਪਰਿਵਾਰ ਵੱਲੋਂ ਅਰੰਭ ਸ੍ਰੀ ਅਖੰਡ ਪਾਠ ਸਾਹਿਬ ਅਤੇ 4/2/24 ਨੂੰ ਭੋਗ ਸ੍ਰੀ ਅਖੰਡ ਪਾਠ ਸਾਹਿਬ
- 3/2/24 – ਦਿਨ ਸ਼ਨਿੱਚਰਵਾਰ ਨੂੰ ਸ਼੍ਰੀ ਮਲਕੀਤ ਗੰਗੜ ਅਤੇ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਹੋਣਗੇ
- 9/2/24 – ਸ੍ਰੀ ਵਰਿੰਦਰ ਚੰਦੜ ਅਤੇ ਪਰਿਵਾਰ ਵੱਲੋਂ ਅਰੰਭ ਸ੍ਰੀ ਅਖੰਡ ਪਾਠ ਸਾਹਿਬ ਅਤੇ 11/2/24 ਨੂੰ ਭੋਗ ਸ੍ਰੀ ਅਖੰਡ ਪਾਠ ਸਾਹਿਬ
- 16/2/24 – ਪੋਸਟ ਆਫਿਸ ਦੇ ਮੌਜੂਦਾ ਤੇ ਰਿਟਾਇਰਡ ਸਟਾਫ ਵੱਲੋਂ ਅਰੰਭ ਸ੍ਰੀ ਅਖੰਡ ਪਾਠ ਸਾਹਿਬ ਅਤੇ 18/2/23 ਨੂੰ ਭੋਗ ਸ੍ਰੀ ਅਖੰਡ ਪਾਠ ਸਾਹਿਬ
- 22/2/24 – ਸਮੂਹ ਸਾਧ ਸੰਗਤਾਂ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਅਰੰਭ ਸ੍ਰੀ ਅਖੰਡ ਪਾਠ ਸਾਹਿਬ ਅਤੇ

**ਭੋਗ ਸ੍ਰੀ ਅਖੰਡ ਪਾਠ ਪ੍ਰਕਾਸ਼ ਪੁਰਬ ਵਾਲੇ ਦਿਨ 24/02/24 ਸ਼ਨਿੱਚਰਵਾਰ ਨੂੰ ਸਵੇਰੇ 10:00 ਵਜੇ**

**ਜ਼ਰੂਰੀ ਸੂਚਨਾ** ਸੰਗਤ ਜੀ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ 647ਵਾਂ ਪ੍ਰਕਾਸ਼ ਦਿਹਾੜਾ 24/02/24 ਦਿਨ ਸ਼ਨੀਵਾਰ ਨੂੰ ਹੈ, ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਗੁਰੂ ਘਰ ਪਹੁੰਚ ਕੇ ਛੁੱਟੀ ਵਾਲੇ ਦਿਨ ਦੇ ਲਾਹੇ ਪ੍ਰਾਪਤ ਕਰੋ ਜੀ




### ਪ੍ਰੋਗਰਾਮ ਦਾ ਵੇਰਵਾ ਇਸ ਤਰ੍ਹਾਂ ਹੈ :

**➤ ਆਰੰਭ ਸ੍ਰੀ ਅਖੰਡ ਪਾਠ ਸਾਹਿਬ**
23-02-2024 ਸ਼ੁੱਕਰਵਾਰ 10 ਵਜੇ ਸਵੇਰੇ

**➤ ਭੋਗ ਸ੍ਰੀ ਅਖੰਡ ਪਾਠ ਸਾਹਿਬ**
25-02-2024 ਐਤਵਾਰ 10 ਵਜੇ ਸਵੇਰੇ

ਉਪਰੰਤ ਗੁਰੂ ਘਰ ਦਾ ਹਜ਼ੂਰੀ ਰਾਗੀ ਜਥਾ ਗੁਰੂ ਮਹਾਰਾਜ ਜੀ ਦੀ ਆਰਤੀ ਦਾ ਕੀਰਤਨ ਕਰੇਗਾ। ਇਸ ਉਪਰੰਤ ਹੋਰ ਵੀ ਗੁਣੀ ਗਿਆਨੀ ਤੇ ਕੀਰਤਨੀ ਜਥੇ ਪਹੁੰਚ ਰਹੇ ਹਨ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰੱਬੀ ਬਾਣੀ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ ।

**ਸ਼ਨੀਵਾਰ 24-2-2024 ਨੂੰ ਸਵੇਰੇ 8:00 ਨਿਸ਼ਾਨ ਸਾਹਿਬ ਨੂੰ ਪੂਰਨ ਮਰਿਯਾਦਾ ਅਨੁਸਾਰ ਚੋਲਾ ਪਹਿਨਾਇਆ ਜਾਵੇਗਾ**

**ਵਿਸ਼ੇਸ਼ ਨੋਟ:- ਪਹਿਲੇ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ 24-02-2024 ਸ਼ਨੀਵਾਰ 10 ਵਜੇ ਸਵੇਰੇ ਪਵੇਗਾ**

ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਸਮੇਂ ਸਿਰ ਪਹੁੰਚੋ ਅਤੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਆਪਣੇ ਜੀਵਨ ਸਫਲੇ ਕਰੋ ਜੀ।

### ਸੇਵਾਦਾਰ : ਪ੍ਰਬੰਧਕ ਕਮੇਟੀ

### ਸ੍ਰੀ ਗੁਰੂ ਰਵਿਦਾਸ ਸਭਾ, ਸਾਊਥਾਲ

282, ਵੈਸਟਰਨ ਰੋਡ, ਸਾਊਥਾਲ, ਮਿਡਲਸੈਕਸ
ਟੈਲੀਫੋਨ: 020-8574-0245 (ਦਫਤਰ) ਟੈਲੀਫੋਨ: 020-8574-0528 (ਲੰਗਰ ਹਾਲ)
Fax: 020-8574-8967 www.sgrds.org

## 647th BIRTHDAY ANNIVERSARY of

# Shri Guru Ravidass Ji

## ON SUNDAY 25th FEB 2024 AT

## SHRI GURU RAVIDASS TEMPLE, SOUTHALL

### 282 WESTERN ROAD, SOUTHALL, MIDDX. UB2 5JT

Shri Guru Ravidass Ji was one of the leading Saint of Medieval times. He preached that man can not be known by his occupation but by noble deeds and love to mankind. He believed in equality, liberty, Freedom and equal status of human beings.

### DISTINGUISHED GUESTS

1) Chief Guest His excellency High Commissioner of India
2) President of Shri Guru Ravidass Sabha U.K. and Abroad
3) Mayor of Ealing Council Councillor Hitesh Tailor
4) Mayor of Hounslow Cllr. Afzaal Kiani
5) Hon. Varindra Sharma M.P.
6) Hon. John Mcdonnell M.P.
7) Hon. Seema Malhotra M.P.
8) Hon. Tanmanjit Singh Dhesi M.P.
9) Superintendent of Police
10) Head Teachers from High Schools
11) Head Teacher of Featherstone School
12) All community & faith leaders & Councillors



* ਗਾਇਕਾ ਪ੍ਰਿਯਾ ਬੰਗਾ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੇਗੀ

**ਨੋਟ** ਉੱਪਰ ਲਿਖੇ ਪਤਵੰਤੇ ਸੱਜਣਾਂ ਨੂੰ ਸੱਦਾ ਪੱਤਰ ਪ੍ਰਬੰਧਕ ਕਮੇਟੀ ਵੱਲੋਂ ਭੇਜਿਆ ਗਿਆ ਹੈ । ਆਸ ਹੈ ਕਿ ਉਹ ਗੁਰੂ ਘਰ ਵਿਖੇ ਦਰਸ਼ਨ ਦੇਣਗੇ । ਇਸ ਤੋਂ ਉਪਰੰਤ ਸਥਾਨਕ ਪਤਵੰਤੇ ਸੱਜਣਾਂ ਅਤੇ ਧਾਰਮਿਕ ਸੰਸਥਾਵਾਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਵੀ ਗੁਰੂ ਘਰ ਆਉਣ ਦੀ ਕ੍ਰਿਪਾਲਤਾ ਕਰਨ ਜੀ । ਧੰਨਵਾਦੀ ਹੋਵਾਂਗੇ ।

**ਸਮੂਹ ਸਾਧ ਸੰਗਤ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਗੁਰੂ ਘਰ ਆ ਕੇ ਦਰਸ਼ਨ ਦਿਓ ਜੀ ਅਤੇ ਰੱਬੀ ਬਾਣੀ ਦਾ ਕੀਰਤਨ ਸਰਵਣ ਕਰਕੇ ਮਹਾਰਾਜ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ**




Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.